# ਕਿਰੜਾ ਘੋਲ ਸ਼ਹੀਦਾਂ

## ਮਦਨ ਦੀਦੀ

ਪੰਜਾਬ ਬੁਕ ਸੈਂਟਰ ਪਬਲਿਸ਼ਰਜ਼, ਜਲੰਧਰ

Academy of the Punjab in North America: http://www.apnaorg.com

ਦਰਦਾਂ ਜਾਈ ਚੇਤੰਨਤਾ ਨੂੰ !

★

ਪਹਿਲੀ ਵਾਰ : ਜੂਨ, 1971

ਛਾਪਕ : ਪੰਜਾਬ ਬੁਕ ਸੈਂਟਰ ਪਬਲਿਸ਼ਰ,
ਜਲੰਧਰ ।

ਪ੍ਰਿੰਟਰ : ਗੁਰਬਖਸ਼ ਸਿੰਘ ਜੰਜੂਆ,
ਅਵਾਮੀ ਪ੍ਰਿੰਟਿੰਗ ਪ੍ਰੈਸ,
ਨਹਿਰੂ ਗਾਰਡਨ ਰੋਡ, ਜਲੰਧਰ ।

ਮੁੱਲ : 3 ਰੁਪਏ 25 ਪੈਸੇ

Academy of the Punjab in North America: http://www.apnaorg.com

## ਕੀ ਕਿਥੇ ?


| ਕੀ | ਕਿਥੇ ? |
|---|---|
| ਮੁਖ ਬੰਦ | 1 |
| ਆਸ ਦੀ ਬੱਤੀ ਉੱਚੀ ਰੱਖਾਂ | 2 |
| ਆਪਣੇ ਬਾਰੇ | 4 |
| ਗੀਤ ਦਾ ਜਨਮ | 6 |
| ਪਰੇਰਨਾ | 7 |
| ਤਲਾਸ਼ | 8 |
| ਅਨੁਭਵ | 9 |
| ਪਿਆਰ | 11 |
| ਇਕ ਖ਼ਾਹਸ਼ ਜੋ ਪਾਗਲ ਹੋ ਗਈ | 21 |
| ਲਾਲ ਬੱਤੀ ਜ਼ਖ਼ਮ ਦੀ | 23 |
| ਦੁਖ | 24 |
| ਪਤਝੜ | 25 |
| ਨਿਕੜੇ ਸ਼ਹਿਰ ਦੇ ਦੁਖ ਹਜ਼ਾਰ | 26 |
| ਬਾਬਲ ਕੰਤ ਸਹੇੜਿਆ | 28 |
| ਸਿਸ਼ਟਾਚਾਰ ਦੇ ਕਫ਼ਨ ਥੱਲੇ | 29 |
| ਪਰਬਤ ਕੰਧਾਂ | 30 |
| ਉਮਰਾਂ ਬਾਦ | 32 |
| ਦੂਜਾ ਹੱਥ | 33 |
| ਜੁਆਨੀ | 34 |
| ਦੂਰ ਦਿਲਾਂ ਦੀ ਮੰਜ਼ਲ ਵੱਲ ਨੂੰ | 35 |
| ਦੂਰ ਵਤਨ ਤੋਂ | 37 |
| ਪਿਆਰ ਦੀਏ ਵਾਏ ਚੱਲ ਤੂੰ... | 38 |


Academy of the Punjab in North America: http://www.apnaorg.com

| | |
|---|---|
| ਚਾਬੁਕ | 44 |
| ਕਦੋਂ ਤੋਰ ਕਿਰਨਾਂ ਨੇ ਛੱਡੀ ਹੈ ਤਿੱਖੀ | 47 |
| ਅਗਨ ਰੇਖ | 48 |
| ਚਾਨਣ ਦੀ ਤਲਵਾਰ | 49 |
| ਸੋਵੀਅਤ ਰੂਸ | 51 |
| ਦੋ ਦੁਨੀਆਵਾਂ | 52 |
| ਅਣੂਆਂ ਵਿਚ ਇਕ ਅਣੂ ਇਕੱਲਾ | 53 |
| ਧਰਤ ਗੰਗਾ | 54 |
| ਚਾਨਣ ਧੁੰਧ ਲੜੇ ਸੋ ਵਾਰੀ | 55 |
| ਪਾਪ ਦੀ ਰੇਖਾ | 57 |
| ਅਜੇ ਤਾਂ | 59 |
| ਬੂੰਦਾਂ ਰੱਤੀਆਂ | 60 |
| ਚਿੱਟੇ ਝੂਠ ਦੀ ਕਾਲੀ ਗੋਲੀ | 61 |
| ਸਮੇਂ ਦੀ ਬਿਜਲੀ | 62 |
| ਭੈਅ | 63 |
| ਰੁੱਤ ਬਦਲੀ | 64 |
| ਕਿਰਨ ਇਕੱਲੀ | 65 |
| ਕਿਹੜਾ ਬੋਲ ਸੁਣਾਵਾਂ ਅੱਜ ਮੈਂ | 67 |
| ਧਰਤੀ ਦਾ ਗੀਤ | 69 |
| ਕਵੀ | 71 |
| ਕੌਣ ਹੈ ਵਾਰਸ ਓਸ ਗੁਰੂ ਦਾ | 73 |
| ਹੋਏ ਗਭਰੂ ਅੱਜ ਅਰਮਾਨ | 75 |
| ਪਸ਼ੂ ਅਤੇ ਮਾਨਵ | 76 |
| ਨਾਸਰ | 77 |
| ਅੱਖ ਸਮੇਂ ਦੀ | 79 |

Academy of the Punjab in North America: http://www.apnaorg.com

# ਦੋ ਸ਼ਬਦ

ਜਥੇਬੰਦ ਮਜ਼ਦੂਰ ਲਹਿਰ ਦੀ ਅਗਵਾਈ ਕਰਦਿਆਂ ਤਾਂ ਮਦਨ ਲਾਲ ਦੀਦੀ ਨੇ ਇਕ ਉਮਰ ਹੰਢਾ ਲਈ ਹੈ, ਪਰ ਕਵਿਤਾ ਦੇ ਖੇਤਰ ਵਿਚ ਉਸ ਦਾ ਪਰਵੇਸ਼ ਮਸਾਂ ਅੱਠ ਕੁ ਸਾਲ ਪੁਰਾਣਾ ਹੈ। ਪਹਿਲੀ ਕਵਿਤਾ—ਜਿਸ ਨੂੰ ਉਸ ਨੇ ਇਕ ਸੀਮਤ ਘੇਰੇ ਤੋਂ ਬਾਹਰ ਹਵਾ ਨਾ ਲੁਆਈ—1943 ਵਿਚ ਲਿਖੀ, ਪਰ ਫਿਰ ਪੂਰੇ ਦੋ ਦਹਾਕੇ ਜੇਲ੍ਹਾਂ ਕੱਟਦਾ, ਭੁੱਖ ਹੜਤਾਲਾਂ ਝਾਗਦਾ, ਗੁਪਤ ਸੰਗਰਾਮ ਦੀਆਂ ਔਖੀਆਂ ਘਾਟੀਆਂ ਚੜ੍ਹਦਾ ਅੰਦਰੇ ਅੰਦਰ ਆਪਣੀ ਕਾਵਿਕ ਕਲਪਣਾ ਨੂੰ ਪਾਲਦਾ ਰਿਹਾ। ਤੇ ਜਦੋਂ 1963 ਵਿਚ ਉਸ ਨੇ ਇਰਾਕ ਦੇ ਸ਼ਹੀਦਾਂ ਉੱਤੇ "ਦਰਦ ਦਾਮਨ ਦਾਮਨ" ਨਾਮੀ ਨਜ਼ਮ ਲਿਖੀ, ਇਕੋ ਝਲਕਾਰ ਨਾਲ ਹੀ ਉਹ ਦੇਸ਼ ਦੇ ਅਗੇ-ਵਧੂ ਸ਼ਾਇਰਾਂ ਦੀ ਪਹਿਲੀ ਪਾਲ ਵਿਚ ਆ ਖਲੋਤਾ।

ਦੀਦੀ ਨੇ ਸ਼ਾਇਰੀ ਉਰਦੂ ਨਾਲ ਸ਼ੁਰੂ ਕੀਤੀ, ਹੱਥ ਹਿੰਦੀ ਤੇ ਵੀ ਅਜ਼ਮਾਇਆ, ਪਰ ਜਦੋਂ ਉਹਦੇ ਅੰਦਰਲੇ ਕਾਵਿਕ ਸਰੋਤ ਦਾ ਕੜ ਪਾਟ ਗਿਆ ਉਸ ਨੂੰ ਆਪਣੀ ਮਾਂ ਬੋਲੀ ਦੀ ਸ਼ਰਨ ਲੈਣੀ ਪਈ।

ਦੀਦੀ ਕਵਿਤਾ ਰਚਣ ਵਲ ਜਿੰਨਾ ਪੱਛੜ ਕੇ ਆਇਆ ਹੈ, ਉਸ ਦੀ ਕਾਵਿਕਾ ਉਪਜ ਉਨੀ ਹੀ ਬਹੁ-ਪੱਖੀ ਤੇ ਬਹੁਲਤਾ ਭਰਪੂਰ ਹੈ। ਉਹ ਭੁੱਖਾਂ ਕੱਟ ਸਕਦਾ ਹੈ, ਉਨੀਂਦੇ ਝਾਗ ਸਕਦਾ ਹੈ, ਆਪਣੇ ਪਰਾਇਆਂ ਦੇ ਕਾਟਵੇਂ ਬੋਲ ਸਹਿ ਸਕਦਾ ਹੈ, ਪਰ ਕਵਿਤਾ ਕਹਿਣੋਂ ਨਹੀਂ ਰਹਿ ਸਕਦਾ। ਦਿਨ ਹੋਵੇ ਜਾਂ ਰਾਤ, ਗਰਮਾ-ਗਰਮ ਬਹਿਸਾਂ ਭਰੀ ਅੰਤਰ-ਪਾਰਟੀ ਮੀਟਿੰਗ ਚਲ ਰਹੀ ਹੋਵੇ ਜਾਂ ਵਿਸ਼ਾਲ ਮਜ਼ਦੂਰ ਘੋਲ ਭਖ ਰਿਹਾ ਹੋਵੇ, ਉਸ ਨੂੰ ਜਥੇਬੰਦਕ

Academy of the Punjab in North America: http://www.apnaorg.com

ਜ਼ਿੰਮੇਵਾਰੀਆਂ ਨੇ ਨਿਵਾਂ ਰੱਖਿਆ ਹੋਵੇ ਜਾਂ ਪਰਚਾਰਕ ਲੋੜਾਂ ਨੇ ਰੁਝਾ ਰਖਿਆ ਹੋਵੇ, ਉਹ ਕਿਊਬਾ ਤੇ ਵੀਤਨਾਮ ਦੇ ਸੰਗਰਾਮਾਂ ਤੋਂ ਲੈ ਕੇ ਸੱਜਣੀ ਦੀ ਸਰਦ-ਮਿਹਰੀ ਤਕ ਬਾਰੇ ਕਾਵਿ-ਰਚਨਾ ਕਰਨੋ ਨਹੀਂ ਰਹਿ ਸਕਦਾ ।

ਦੀਦੀ ਇਸ ਸੰਗ੍ਰਹਿ ਨਾਲ ਪਹਿਲੀ ਵਾਰ ਕਿਤਾਬੇ ਚੜ੍ਹ ਰਿਹਾ ਹੈ, ਪਰ ਉਸ ਦੀਆਂ ਕਾਵਿਕ ਪ੍ਰਾਪਤੀਆਂ ਦੇ ਪਕੇਜ ਨੇ ਹੁਣ ਹੀ ਇਹ ਸਵਾਲ ਪੈਦਾ ਕਰ ਦਿੱਤਾ ਹੈ ਕਿ ਉਹਦੀ ਪਹਿਲੀ ਥਾਂ ਸਾਹਿਤ ਦੇ ਖੇਤਰ ਵਿਚ ਹੈ ਜਾਂ ਸਿਆਸੀ ਘੋਲਾਂ ਵਿਚ ।

19 ਜੂਨ, 1971

**230, ਮਾਡਲ ਟਊਨ ਜਲੰਧਰ** **ਜਗਜੀਤ ਸਿੰਘ ਆਨੰਦ**

Academy of the Punjab in North America: http://www.apnaorg.com

# ਕੁਝ ਆਪਣੇ ਬਾਰੇ

ਆਪਣੀ ਸ਼ਾਇਰੀ ਬਾਰੇ ਆਪ ਲਿਖਣਾ ਕਾਫ਼ੀ ਮੁਸ਼ਕਿਲ ਕੰਮ ਹੈ।

ਮਸਤੀ ਤੇ ਹੋਸ਼, ਭਾਵਨਾ ਤੇ ਬੁਧੀ, ਆਪ-ਬੀਤੀ ਤੇ ਜਗ-ਬੀਤੀ, ਨਿੱਜੀ ਪਿਆਰ ਤੇ ਇਨਕਲਾਬੀ ਲਹਿਰ, ਆਸ, ਨਿਰਾਸ ਤੇ ਚੇਤਨਾ, ਇਹਨਾਂ ਸਭ ਜਜ਼ਬਿਆਂ ਦੇ ਚੇਤੰਨ ਅਚੇਤ ਸੰਗਮ ਉੱਤੇ ਕਵਿਤਾ ਦਾ ਜਨਮ ਹੁੰਦਾ ਹੈ। ਕਵਿਤਾ ਜੀਵਨ ਦੀ ਦਰਪਣ ਵੀ ਹੈ ਤੇ ਪੱਥ ਪਰਦਰਸ਼ਕ ਵੀ। ਇਹ ਅੰਤਹਕਰਣ ਦੀਆਂ ਡੂੰਘਾਈਆਂ ਤੋਂ ਲੈ ਕੇ ਸਮੂਹ ਚੇਤਨਾ ਤੱਕ ਦੀ ਪ੍ਰਤੀਕ ਹੈ। ਮੈਂ ਕਿਸੇ ਵੀ ਵਿਸ਼ੇ ਨੂੰ ਵਰਜਿਤ ਨਹੀਂ ਸਮਝਿਆ ਅਤੇ ਨਾ ਕਿਸੇ ਖਾਸ ਛੰਦ ਨੂੰ ਮਹੱਤਤਾ ਦਿੱਤੀ ਹੈ। ਬਹੁ-ਰੰਗੇ ਜੀਵਨ ਦੇ ਸਭੇ ਰੰਗ ਪ੍ਰੇਰਣਾ ਦਾ ਸ੍ਰੋਤ ਬਣ ਜਾਂਦੇ ਹਨ।

"ਕਿਹੜਾ ਬੋਲ ਸੁਣਾਵਾਂ" ਦਾ ਜਨਮ ਲੰਬੀ ਹਲਕੇ ਦੀ ਚੋਣ ਸਮੇਂ ਖੇਤ ਮਜ਼ਦੂਰਾਂ ਦੀ ਇਕ ਮੀਟਿੰਗ ਕਰਾਉਂਦਿਆਂ ਹੋਇਆ। ਜਦੋਂ ਮੈਂ ਮਹਿਸੂਸ ਕੀਤਾ ਕਿ ਮੇਰੇ ਅਤੇ ਉਹਨਾਂ ਪੇਂਡੂ ਮਜ਼ਦੂਰਾਂ ਵਿਚਕਾਰ ਮੇਰੇ ਆਪਣੇ ਸ਼ਬਦ ਹੀ ਦੀਵਾਰ ਬਣ ਗਏ ਹਨ, "ਅਰਥਾਂ ਦਾ ਕਿਵੇਂ ਅਰਥ ਕਰਾਂ ਮੈਂ" ਉਸ ਮਜਬੂਰੀ ਦਾ ਇਹਸਾਸ ਹੈ। ਐਪਰ ਜਦ ਧਰਤੀ ਦੀ ਗੱਲ ਚਲੀ ਹੈ ਤਾਂ "ਸ਼ਬਦਾਂ ਦੇ ਭੰਡਾਰ ਭਰ ਗਏ" ਦਾ ਇਹਸਾਸ ਹੋਇਆ।

"ਕਦੋਂ ਤੋਰ ਕਿਰਨਾਂ ਨੇ ਛੱਡੀ ਹੈ ਤਿੱਖੀ" ਟ੍ਰਾਂਸਪੋਰਟ ਮਜ਼ਦੂਰਾਂ ਦੀ ਚਾਰ ਦਿਨਾਂ ਦੀ ਹੜਤਾਲ ਉੱਤੇ ਹੋਏ ਅੰਨ੍ਹੇ ਜ਼ੁਲਮ ਵਿਰੁੱਧ ਪ੍ਰਤੀਕਰਮ ਹੈ। ਹਾਰ ਦੀ ਉਸ ਘੜੀ ਵਿਚ ਮਨ ਨੇ ਪੰਜਾਬ ਦੇ ਮਹਾਨ

Academy of the Punjab in North America: http://www.apnaorg.com

ਸਪੂਤ ਗੁਰੂ ਗੋਬਿੰਦ ਦੇ "ਜ਼ਫਰਨਾਮੇ" ਤਕ ਉਡਾਰੀ ਭਰ ਲਈ।

"ਅੱਖ ਸਮੇਂ ਦੀ" ਕੇਰਲਾ ਦੀਆਂ ਚੋਣਾਂ ਵਿਚ ਲੋਕਾਂ ਵਲੋਂ ਦਰਸਾਈ ਗਈ ਸੂਝ ਤੇ ਸਿਆਣਪ ਨੂੰ ਸ਼ਰਧਾਂਜਲੀ ਹੈ—ਕਿਵੇਂ ਅੱਜ ਲੋਕ ਆਪਣੇ ਲੱਖ ਝਮੇਲਿਆਂ ਵਿਚ ਡੁੱਬੇ ਰੁੱਝੇ, ਇਤਿਹਾਸਿਕ ਮੋੜਾਂ ਤੇ ਸਚਾਈ ਦੀ ਪਰਖ ਕਰ ਲੈਂਦੇ ਹਨ।

"ਕਾਰਲ ਮਾਰਕਸ" ਬਾਰੇ ਕਵਿਤਾ ਮਾਰਕਸ ਦੇ ਮਹਾਨ ਮਾਨਵੀ ਨੁਕਤਾ-ਨਜ਼ਰ ਦੀ ਪ੍ਰਤੀਕ ਹੈ।

ਏਸੇ ਤਰ੍ਹਾਂ ਬਹੁਤ ਸਾਰੀਆਂ ਕਵਿਤਾਵਾਂ ਨਿੱਤ ਦਿਹਾੜੀ ਪੈਦਾ ਹੋਣ ਵਾਲੇ ਵਾਕਿਅਤ ਬਾਰੇ ਪ੍ਰਤੀਕਰਮ ਹਨ—"ਨਾਸਰ", "ਚਿੱਟੇ ਝੂਠ ਦੀ ਕਾਲੀ ਗੋਲੀ", "ਬੂੰਦਾਂ ਰੱਤੀਆਂ" ਆਦਿ।

ਸਨਅਤੀਕਰਨ ਦੇ ਏਸ ਯੁਗ ਵਿਚ ਇਕੱਲੇਪਣ ਦਾ ਇਹਸਾਸ ਬੜੀ ਸ਼ਿੱਦਤ ਨਾਲ ਹੁੰਦਾ ਹੈ। "ਪਰਬਤ ਕੰਧਾਂ", "ਸ਼ਿਸ਼ਟਾਚਾਰ ਦੇ ਕੱਫਣ ਥੱਲੇ" ਆਦਿ ਮਨੋਵਿਗਿਆਨਕ ਤੇ ਪਿਆਰ ਕਵਿਤਾਵਾਂ ਆਪਣੇ ਆਪ ਵਿਚ ਸਾਫ਼ ਹਨ ਅਤੇ ਉਹਨਾਂ ਦਾ ਪ੍ਰੇਰਨਾ ਸ੍ਰੋਤ ਮੇਰੇ ਜੀਵਨ ਦੀ ਪਿਆਰ ਕਹਾਣੀ ਹੈ, confessional ਸ਼ਾਇਰੀ ਦਾ ਪ੍ਰਗਟਾਅ ਹੈ। ਸ਼ਾਇਰੀ ਚੰਗੀ ਹੈ ਜਾਂ ਮਾੜੀ, ਇਸ ਦਾ ਫ਼ੈਸਲਾ ਪਾਠਕ ਦੇ ਹੱਥ ਹੈ। ਮੈਂ ਇਕੋ ਗੱਲ ਕਹਿ ਸਕਦਾ ਹਾਂ: ਜਿਵੇਂ ਇਟਲੀ ਦੇ ਮਸ਼ਹੂਰ ਸ਼ਾਇਰ ਨੇ ਕਿਹਾ ਸੀ—

"ਇਕ ਸਤਰ ਐਸੀ ਨਾ ਲਿੱਖਾਂ
ਜੋ ਨਾ ਮੇਰੇ ਦਿਲ ਵਿਚ ਜੰਮੇ।"

15 ਜੂਨ, 1971

**ਮਦਨ ਦੀਦੀ**

Academy of the Punjab in North America: http://www.apnaorg.com

# ਮੁਖ ਬੰਦ

ਜੀਵਨ ਨਾਰ ਅਵੱਲੜੀ
ਜਿਸ ਦੀ ਅਜਬ ਅਦਾ,
ਗੋਰੀ ਸੁਬ੍ਹਾ ਹੈ ਨਿਕਲੀ
ਰਾਤ ਦਾ ਕੱਜਲਾ ਪਾ ।
ਰਾਤ ਕੁਤਬ ਦੀ ਜਾਪਦੀ
ਰਾਤ 'ਚ ਘੁਲੀ ਸਵੇਰ,
ਤੜਕ ਸਵੇਰ ਹੈ ਆਸ ਦੀ
ਬਾਕੀ ਜ਼ਰਾ ਹਨੇਰ ।
ਬੀਜ ਸਮੇਂ ਦਾ ਪੁੰਗਰੇ
ਧਰਤੀ ਮਾਂ ਦੀ ਕੁੱਖ,
ਦਿਲ ਦੇ ਬਾਗ਼ 'ਚ ਉੱਗਿਆ
ਪਾਪ ਪੁੰਨ ਦਾ ਰੁੱਖ ।
ਨਾਰ ਸਮੇਂ ਦੀ ਜਾਗ ਪਈ
ਦੁੱਖ ਚੋਂ ਜਾਗੇ ਸੁੱਖ,
ਆਸ, ਨਿਰਾਸ ਤੇ ਚੇਤਨਾ
ਤਿੰਨੋਂ ਜਿਸਦੇ ਮੁੱਖ ।



Academy of the Punjab in North America: http://www.apnaorg.com

# ਆਸ ਦੀ ਬੱਤੀ ਉੱਚੀ ਰਖਾਂ

—1—

ਨ੍ਹੇਰ ਸਮੇਂ ਦੀ ਰੂਹ ਦਾ ਚਾਨਣ,
ਸਮੇਂ ਦੀ ਉਡਦੀ ਚਾਲ ਪਛਾਨਣ।
ਸ਼ਾਇਰ ਜਗਮਗ ਦੀਪ ਸਮੇਂ ਦੇ,
ਦੂਰ ਤਾਈਂ ਰਾਹਾਂ ਰੁਸ਼ਨਾਵਣ।
ਪਿਆਰਾਂ ਦੀ ਇਸ ਧਰਤੀ ਉੱਤੇ
ਲੱਖਾਂ ਨੇ ਹੈ ਜਾਨ ਗੁਆਈ,
ਲੱਖਾਂ ਦੁਖੜੇ ਤਨ ਤੇ ਜਰ ਗਏ
ਗੀਤ ਦਿਲਾਂ ਦੇ ਸਾਂਝੇ ਕਰ ਗਏ।
ਸਭ ਤੋਂ ਲੈ ਬਾਣੀ ਰਸਵੰਤੀ
ਕੁਝ ਆਪਣਾ ਮੈਂ ਦਰਦ ਰਲਾਵਾਂ,
ਪਲ ਦੋ ਪਲ ਲਈ ਦੀਪ ਜਲਾਵਾਂ
ਨ੍ਹੇਰ ਸਮੇਂ ਨੂੰ ਮੈਂ ਰੁਸ਼ਨਾਵਾਂ।
ਆਸ ਦੀ ਬੱਤੀ ਉੱਚੀ ਰੱਖਾਂ ।



Academy of the Punjab in North America: http://www.apnaorg.com

ਜਿਨ੍ਹਾਂ ਨੇ ਰੰਗ ਦੀ ਦੁਨੀਆਂ ਹਮੇਸ਼ਾਂ ਰਾਂਗਲੀ ਰੱਖੀ,
ਜਿਨ੍ਹਾਂ ਸੁਰ, ਤਾਲ, ਲੈ ਦੀ ਪਰਖ ਦੀ ਮਸਤੀ ਕਦੇ ਚੱਖੀ,
ਜਿਨ੍ਹਾ ਦੇ ਬੋਲ ਸੁੱਚੇ ਨੇ, ਜਿਹਨਾਂ ਦੀ ਨਜ਼ਰ ਹੈ ਉੱਚੀ,

ਉਨ੍ਹਾਂ ਦਾ ਹਾਲ ਕੀ ਦੱਸਾ ਗ਼ਮਾਂ ਦੀ ਇਕ ਕਹਾਣੀ ਹੈ,
ਸਮੇਂ ਨੂੰ ਰਾਹ ਜੋ ਦੱਸੇ ਬੜੀ 'ਕੱਲੀ ਜੁਆਨੀ ਹੈ।

ਸਮੇਂ ਦੇ ਰਾਹ ਜਦ ਮੁਕਣ ਦਿਲਾਂ ਦੇ ਰਾਹ ਤੁਰਦੇ ਨੇ,
ਜਦੋਂ ਮੁਕੇ ਉਡਾਰੀ ਸੋਚ ਦੀ ਤਾਂ ਬੋਲ ਫੁਰਦੇ ਨੇ,
ਸਮੇਂ ਦਾ ਜ਼ਹਿਰ ਪੀਂਦੇ ਨੇ ਦਿਲਾਂ ਦੀ ਤੋਰ ਤੁਰਦੇ ਨੇ,

ਬੜਾ ਪੱਥਰ ਦਾ ਜੇਰਾ ਹੈ ਬੜੀ ਦਰਦਾਂ ਦੀ ਬਾਣੀ ਹੈ,
ਸਮੇਂ ਨੂੰ ਰਾਹ ਜੋ ਦੱਸੇ ਬੜੀ 'ਕੱਲੀ ਜੁਆਨੀ ਹੈ।

ਪਤਾ ਨਹੀਂ ਕੀ ਸੁਣਦੇ ਨੇ ਦਿਲਾਂ ਦੇ ਸ਼ੋਰ ਦੇ ਪਿੱਛੇ,
ਭਟਕਦੀ ਰੂਹ ਫਿਰਦੀ ਹੈ ਦਿਲਾਂ ਦੀ ਲੋਰ ਦੇ ਪਿੱਛੇ,
ਦਿਲਾਂ ਦੀ ਤੋਰ ਐਸੀ ਹੈ ਨਾ ਲੱਗੇ ਹੋਰ ਦੇ ਪਿੱਛੇ,

ਸਮੇਂ ਨੂੰ ਰਾਹ ਜੋ ਦੱਸੇ ਬੜੀ 'ਕੱਲੀ ਜੁਆਨੀ ਹੈ,
ਸਮੇਂ ਦੇ ਨਾਲ ਤੁਰਦੀ ਹੈ ਸਮੇਂ ਦੀ ਜ਼ਿੰਦਗਾਨੀ ਹੈ।



Academy of the Punjab in North America: http://www.apnaorg.com

# ਆਪਣੇ ਬਾਰੇ

ਇਕ ਬੰਦਾ ਹੈ ਇਸ ਦੁਨੀਆਂ ਵਿਚ
ਜਿਸ ਨੂੰ ਚੋਦਾਂ ਖ਼ੂਨ ਦੀ ਮੁਆਫੀ
ਜਿਸ ਨੂੰ ਪਾਪ ਕਦੇ ਨਾ ਲੱਗਣ,
ਜਿਹੜਾ ਕੋਝ ਕਰੂਪਾਂ ਵਿਚ ਵੀ
ਸਦਾ ਹੀ ਦਿਲ ਨੂੰ ਚੰਗਾ ਲੱਗੇ ।
ਛੂੰਹਦੇ ਸਾਰ ਹੀ ਛੂਈ ਮੂਈ ਦੇ ਬੂਟੇ ਵਾਂਗ
ਜੋ ਕੁੰਗੜ ਜਾਵੇ,
ਆਪਾ ਪਿਆਰ ਦਾ ਪਿਆਰਾ ਬਾਲਕ
ਚਰਮ ਬਿੰਦ ਹੈ ਖ਼ੁਦਗਰਜ਼ੀ ਦਾ ।
ਇਕ ਤਲਵਾਰ ਜੰਗਾਲੀ ਹੋਈ
ਸਾਣ ਤੇ ਲਾਈ, ਸਾਰਿਆਂ ਯਾਰਾਂ
ਹਉਮੈ ਦੇ ਸਭ ਪੁਰਜ਼ੇ ਉਡ ਗਏ
ਸੱਚ ਦੀ ਇਕ ਤਲਵਾਰ ਬਣ ਗਿਆ
ਸਮਿਆਂ ਦੀ ਲਲਕਾਰ ਬਣ ਗਿਆ ।



Academy of the Punjab in North America: http://www.apnaorg.com

# ਰੂਪ ਕਿਰਨ

ਰੂਪ ਕਿਰਨ ਇਕ ਲੰਘ ਆਈ ਹੈ
ਖੋਲ੍ਹ ਕੇ ਦਿਲ ਦੀ ਬਾਰੀ,
ਫੁੱਲ ਗੁਲਾਬੀ ਆਸ ਦਾ ਖਿੜਿਆ
ਤੁਰ ਪਈ ਪੌਣ ਬਹਾਰੀ,
ਰੂਪ ਦੀ ਚਿੱਟੀ ਚਾਨਣੀ ਅੰਦਰ
ਭੁੱਖ ਪਈ ਜਿੰਦ ਅੰਗਿਆਰੀ,
ਇੰਜ ਲਗਦਾ ਜਿਵੇਂ ਫਿਰੇ ਮੁਹੱਬਤ
ਲੈ ਸੂਹੀ ਫੁਲਕਾਰੀ,
ਅੱਖੀਆਂ ਅੰਦਰ ਅੰਬਰ ਦਿਸਦਾ
ਰੂਹ ਵਿਚ ਧਰਤੀ ਸਾਰੀ।



Academy of the Punjab in North America: http://www.apnaorg.com

# ਗੀਤ ਦਾ ਜਨਮ

—1—

ਕਿੰਨੀ ਦੇਰ ਦਿਲਾਂ ਦੇ ਆਂਗਣ
ਆਸ ਵਿਚਾਰੀ ਤਾਣੀਆਂ ਤਣਦੀ,
ਅਰਮਾਨਾਂ ਦਾ ਬਾਣਾ ਪਾਉਂਦੀ
ਰੀਝਾਂ ਦੇ ਕਈ ਰੰਗ ਹੈ ਉਣਦੀ।
ਫੇਰ ਸਮੇਂ ਦੇ ਸਾਲੂ ਉੱਤੇ,
ਗੀਤਾਂ ਦੀ ਇਕ ਬੂਟੀ ਬਣਦੀ।

—2—

ਹੱਸਦਾ ਦਿਲ ਬਣ ਜਾਂਵਦਾ
ਬਾਲ ਜਦੋਂ ਦਿਲਗੀਰ
ਦਿਲ ਦੇ ਸ਼ੀਸ਼ੇ ਉਤਰੇ,
ਦੁੱਖਾਂ ਦੀ ਤਸਵੀਰ।
ਗ਼ਮ ਦੇ ਖੂਹ ਚੋਂ ਨਿਕਲੀ,
ਤਕ ਹਨੇਰੇ ਚੀਰ।
ਆਸ ਦੀ ਸੁੰਦਰ ਚਮਕਦੀ,
ਜਗ ਮਗ ਇਕ ਤਦਬੀਰ।
ਸੱਪ ਵਲ੍ਹੇਟਵੀਂ ਦੁੱਖ ਦੀ,
ਟੁੱਟ ਗਈ ਜ਼ੰਜੀਰ।
ਫਿਰ ਦਿਲ ਅੰਦਰ ਜਾਗ ਪਈ,
ਗੀਤਾਂ ਦੀ ਤਾਸੀਰ।



Academy of the Punjab in North America: http://www.apnaorg.com

# ਪਰੇਰਨਾ

ਤੇਰ ਜਾਣ ਪਿੱਛੋਂ ਬੜੀ ਦੇਰ ਤਕ ਮੈਂ,
ਇਹੀ ਸਮਝਿਆ ਤੂੰ ਕਿਤੇ ਕੋਲ ਹੀ ਹੈਂ।
ਜਦੋਂ ਵੀ ਕਦੀ ਨਾਂ ਲੈ ਤੇਰਾ ਬੁਲਾਇਆ,
ਤੂੰ ਬੋਲਾਂ ਦੀ ਮਿਸਰੀ ਸਦਾ ਘੋਲਦੀ ਹੈਂ।
ਕਦੀ ਬਾਗ਼ ਦਿਲ ਦੇ ਤੂੰ ਫਿਰਦੀ ਗੁਆਚੀ,
ਜਿਵੇਂ ਚੰਨ ਰਾਤਾਂ 'ਚ ਕੁਝ ਟੋਲਦੀ ਹੈਂ।
ਜਦੋਂ ਬੋਲ ਗੀਤਾਂ ਦੇ ਰੋਂਦੇ ਕਿਤੇ ਹਨ,
ਤੂੰ ਗੀਤਾਂ ਦੇ ਪੈਰਾਂ 'ਚ ਦਿਲ ਰੋਲਦੀ ਹੈਂ।
ਕਦੀ ਜਾਣ ਵੇਲੇ ਮਨਾਉਂਦੀ ਹੈਂ ਮੈਨੂੰ,
ਤੂੰ ਖੁਸ਼ੀਆਂ ਦੇ ਭੇਤਾਂ ਦਾ ਦਿਲ ਫੋਲਦੀ ਹੈਂ।
ਕਦੀ ਨਰਮ ਨਜ਼ਰਾਂ 'ਚ ਜਾਦੂ ਜਗਾਈ,
ਮੁਹੱਬਤ ਦੀ ਦੁਨੀਆਂ ਦਾ ਦਰ ਖੋਲ੍ਹਦੀ ਹੈਂ।
ਜਦੋਂ ਬਿਰਛ ਯਾਦਾਂ ਦੇ ਸੁਕਣ ਤੇ ਆਵਣ,
ਸਦਾ ਆਸ ਦੀ ਵੇਲ ਬਣ ਡੋਲਦੀ ਹੈਂ।
ਮੇਰੇ ਪਰਤ ਆਵਣ ਦੇ ਪਿਛੋਂ ਮੈਂ ਸੁਣਿਆ,
ਤੂੰ ਰਾਹਾਂ 'ਚ ਮੈਨੂੰ ਅਜੇ ਟੋਲਦੀ ਹੈਂ।
ਜਦੋਂ ਸੋਚ ਦੀ ਸਭ ਉਡਾਰੀ ਹੈ ਮੁਕਦੀ,
ਤੂੰ ਸੁਪਨੇ ਦੀ ਦੁਨੀਆਂ 'ਚ ਪਰ ਤੋਲਦੀ ਹੈਂ।
ਜਦੋਂ ਚੁੱਪ ਘੇਰੇ ਕਦੀ ਬੋਲ ਮੇਰੇ,
ਮੇਰੇ ਦਿਲ 'ਚ ਆ ਕੇ ਤੂੰ ਕੀ ਬੋਲਦੀ ਹੈਂ?



Academy of the Punjab in North America: http://www.apnaorg.com

# ਤਲਾਸ਼

ਅਜੇ ਤਾਂ ਮੈਂ ਲੱਭਾਂ
ਉਹ ਰੰਗਾਂ ਦੀ ਮਿਲਣੀ।
ਤੇਰੇ ਰੂਪ ਵਰਗੀ,
ਜੋ ਰੰਗੀਨ ਹੋਵੇ।
ਇਹ ਸ਼ਬਦਾਂ ਦੇ ਟੋਟੇ,
ਇਹ ਅਰਥਾਂ ਦੇ ਕੈਦੀ
ਲਈ ਫਿਰ ਰਿਹਾ ਹਾਂ
ਭਟਕਦਾ, ਗੁਆਚਾ।
ਤੇਰੇ ਰੂਪ ਵਰਗੇ
ਮੇਰੀ ਤਾਂਘ ਵਰਗੇ
ਕੋਈ ਰੰਗ ਮੇਰੇ ਹੀ
ਸ਼ਬਦਾਂ 'ਚ ਭਰ ਦਏ।
ਅਜੇ ਤਾਂ ਮੈਂ ਲਭਾਂ
ਉਹ ਰੰਗਾਂ ਦੀ ਮਿਲਣੀ
ਤੇਰੇ ਰੂਪ ਵਰਗੀ
ਜੋ ਰੰਗੀਨ ਹੋਵੇ।



Academy of the Punjab in North America: http://www.apnaorg.com

# ਅਨੁਭਵ

—1—

ਅੱਧੀ ਉਮਰ ਸਿੱਖਣ ਵਿਚ ਲੰਘ ਗਈ,
ਜੋ ਪੁਰਖਾਂ ਸਿਖਲਾਇਆ ।
ਹੋਸ਼ ਆਈ ਤਾਂ ਭੁਲਣ ਖਾਤਿਰ,
ਕਿੰਨਾ ਜ਼ੋਰ ਲਗਾਇਆ ।
ਨਿੱਤ ਬਦਲਦੀ ਇਸ ਦੁਨੀਆਂ ਨੇ,
ਰੂਪ ਜਦੋਂ ਬਦਲਾਇਆ ।
ਰੂਪ ਦਾ ਪਿਤਲ ਸੋਨਾ ਸਾਨੂੰ,
ਪਰਖਨਾ ਫੇਰ ਨਾ ਆਇਆ ।



Academy of the Punjab in North America: http://www.apnaorg.com

## —2—

ਡੂੰਘਾ ਸਾਗਰ ਦਿਲ ਮੇਰਾ
ਡੂੰਘਾ ਉਮਰ ਦਾ ਪਾਣੀ,
ਜਿਸ ਦੇ ਕੰਢੇ ਖੇਡਦੀ
ਆਸ ਮੇਰੀ ਮਰ ਜਾਣੀ ।
ਮੋਈਆਂ ਆਸਾਂ ਹੋਈਆਂ
ਨੂਰ ਮੁਨਾਰਾ ਜਿੰਦੇ
ਹੋਰ ਨਾ ਡੁੱਬਣ ਏਸ ਥਾਂ
ਫਿਰ ਉਮਰਾ ਦੇ ਹਾਣੀ ।
ਬੱਦਲ ਸੋਚ ਦੇ, ਬਾਂਵਰੇ
ਉੱਠਣ ਸ਼ੋਰ ਮਚਾਵਣ
ਸੱਚ ਦਾ ਪਰਬਤ ਛੋਹ ਕੇ
ਹੋ ਗਏ ਪਾਣੀ ਪਾਣੀ।
ਝਿਲ ਮਿਲ ਚਾਨਣੀ ਚੇਤਨਾ
ਜੀਵਨ ਰਾਹ ਦਰਸਾਣੀ ।
ਸੱਚ ਸਮਾਧੀ ਤੋੜਦੀ
ਛੇੜ ਕੇ ਨਵੀਂ ਕਹਾਣੀ ।



Academy of the Punjab in North America: http://www.apnaorg.com

# ਪਿਆਰ

—1—

ਜਾਣ ਪਛਾਣ ਦੇ ਸਾਗਰ ਅੰਦਰ
ਇਕ ਪਛਾਣ ਜੋ ਮੋਤੀ ਬਣ ਗਈ।
ਰਮਜ਼ਾਂ ਦਾ ਇਕ ਸ਼ੀਸ਼ ਮਹਿਲ ਹੈ
ਨਜ਼ਰ ਬਦਲਦੇ ਸਾਰ ਹੀ ਜਿਹੜਾ
ਚੂਰਾ ਚੂਰਾ ਹੋ ਜਾਂਦਾ ਹੈ।
ਪਿਆਰ ਦੀ ਉਮਰੇ
ਫ਼ਾਸਲਾ ਸਾਰਾ ਸੁਰਗ ਨਰਕ ਦਾ
ਇਕ ਨਜ਼ਰ ਦੀ ਵਿੱਥ ਮਾਤਰ ਹੈ।

—2—

ਆਦਰ, ਮਾਨ, ਦਿਆ ਧਰਮਾਂ ਦੀ
ਸੁੱਕੀ ਰੇਤ ਉੱਡੇ,
ਪਿਆਰ ਦੀ ਇਕੋ ਬੂੰਦ ਦੇ ਬਾਝੋਂ
ਜਲ ਥਲ ਕੌਣ ਕਰੇ,
ਪਹਿਲੀ ਛੋਹ, ਬਦਨ ਖ਼ੁਸ਼ਬੋਈ,
ਭਿੱਜੀ ਨਜ਼ਰ ਕਦੇ
ਇਕੋ ਬੂੰਦ ਸਰੋਵਰ ਦਿਲ ਦਾ
ਕਿੰਨੀ ਵਾਰ ਭਰੇ।



Academy of the Punjab in North America: http://www.apnaorg.com

—3—

ਜਦ ਸੁਣਿਆਂ ਤੁਸੀਂ ਆਵਣ ਵਾਲੇ
ਸਾਡੀ ਨੀਂਦ ਗੁਆਚੀ,
ਆਸ ਗਈ ਮੀਲਾਂ ਤੱਕ ਉੱਡ ਕੇ
ਚੜ੍ਹ ਸਮਿਆਂ ਦੀ ਡਾਚੀ,
ਫਿਰ ਸੁਣਿਆਂ ਤੁਸੀਂ ਨਹੀਓਂ ਆਉਂਣਾ
ਰੋ ਪਈ ਜਿੰਦ ਨਿਰਾਸੀ,
ਰੀਝ ਦਿਲਾਂ ਦੀ ਕਮਲੀ ਹੋਈ
ਹਰ ਇਕ ਨਜ਼ਰ ਉਦਾਸੀ
ਦੋ ਬੋਲਾਂ ਨੂੰ ਤਰਸ ਰਹੀ ਸੀ,
ਰੂਹ ਉਮਰਾਂ ਦੀ ਪਿਆਸੀ,
ਜਲ ਥਲ ਦਿਲ ਦਾ ਵੇਹੜਾ ਹੋਇਆ
ਘਰ ਬੋਲ ਜਦੋਂ ਸੁਣਿਆਂ ਸੀ ।

—4—

ਕਿਸੇ ਦੇ ਪੈਰ ਪਾਉਂਦੇ ਹੀ
ਖਿਨਾਂ ਮੌਸਮ ਬਹਾਰ ਆਵੇ
ਉਹ ਜਿਹੜੇ ਥਾਂ ਵੀ ਜਾ ਬੈਠੇ
ਉਸੇ ਨੂੰ ਰੂਪ ਚੜ੍ਹ ਜਾਵੇ,
ਹਜ਼ਾਰਾਂ ਮਹਿਕਦੇ ਫੁੱਲਾਂ ਦੀ ਖੁਸ਼ਬੂ
ਰੂਪ ਦੀ ਨਰਮੀ,
ਕਦੀ ਆ ਛੇੜਦੀ ਦਿਲ ਨੂੰ,
ਕਦੀ ਆਪੇ ਹੀ ਸ਼ਰਮਾਵੇ ।
ਸਦਾ ਦਿਲ ਦੇ ਹਨੇਰੇ 'ਚ,
ਸਿਤਾਰੇ ਝਿਲਮਿਲਾ ਉੱਠੇ
ਜਦੋਂ ਸੁਪਨਾਂ ਮੁਹੱਬਤ ਦਾ.
ਕਿਤੋਂ ਆ, ਦਿਲ 'ਚ ਲਹਿਰਾਵੇ ।



Academy of the Punjab in North America: http://www.apnaorg.com

—5—

ਕਾਲੀਆਂ ਨਾਗਨਾਂ ਘੇਰਿਆ ਇਕ ਫੁਲ ਗੁਲਾਬੀ,
ਲੰਬੀਆਂ ਪਲਕਾਂ ਘੇਰ ਲਏ ਦੋ ਨੈਣ ਸ਼ਰਾਬੀ ।
ਕੱਦ ਸਰੂ ਦਾ ਬੂਟੜਾ ਜੋ ਉਡਣਾ ਚਾਹਵੇ,
ਦੇਹ ਇਕ ਟਹਿਣੀ ਬੈਂਤ ਦੀ ਡੋਲੇ ਵਲ ਖਾਵੇ ।
ਰੂਪ ਦੀ ਮੂਰਤ ਹੱਸਦੀ ਏਵੇਂ ਸ਼ਰਮਾਵੇ,
ਚੰਨਣ ਬੂਟਾ ਪਿਆਰ ਦਾ ਨਿੱਤ ਮਹਿਕ ਖਿੰਡਾਵੇ ।
ਹੋਰ ਗੁਲਾਬੀ ਹੋ ਗਈ ਸੁਣ ਨਾਮ ਕਿਸੇ ਦਾ,
ਯਾਦਾਂ ਅੰਦਰ ਖੋ ਗਈ ਸੁਣ ਨਾਮ ਕਿਸੇ ਦਾ ।
ਆਵਣ ਵਾਲੇ ਆਣਉਗੇ ਪਈ ਕਰੇ ਦਲੀਲਾਂ,
ਮਿਲਣਾ ਪਿਆਰ ਦੀ ਰੀਤ ਹੈ ਨਿਤ ਬਣਨ ਸਬੀਲਾਂ ।
ਯਾਦ ਕਿਸੇ ਦੀ ਆ ਗਈ ਤਾਂ ਦਿਲ ਬਹਿਲਾਵੇ,
ਦਿਲ ਦੀ ਦੂਰੀ ਚੰਦਰੀ ਝੱਲੀ ਨਾ ਜਾਵੇ ।
ਇਕ ਦਿਨ ਅੱਚਣਚੇਤ ਹੀ ਫਿਰ ਮਹਿਰਮ ਆਏ,
ਧਰਤੀ ਉੱਤੇ ਬਾਵਰੀ ਫਿਰ ਪੈਰ ਨਾ ਲਾਏ ।

—6—

ਸੁੱਖ ਦੀ ਸਵੇਰ ਨਾ ਮਿਲੀ ਜਿੰਦ ਬਾਲ ਤਪੱਸਿਆ ਕੀਤੀ,
ਮਨ ਵਿਚ ਮਿਹਰ ਨਾ ਪਈ ਲੱਖ ਜ਼ਹਿਰ ਗ਼ਮਾਂ ਦੀ ਪੀਤੀ ।
ਪੱਥਰਾਂ ਚ ਰੱਬ ਲਭਦੇ ਸਾਰੀ ਉਮਰ ਅਜਾਈਂ ਬੀਤੀ,
ਲੱਖ ਬੋਲ ਮਾਰੇ ਜਿੰਦੜੀ ਅੱਖਾਂ ਗਿੱਲੀਆਂ ਤੇ ਬੁਲ੍ਹੀਆਂ ਸੀਤੀ ।
ਜਦ ਮਾਹੀ ਹਾਲ ਪੁੱਛਿਆ ਸਾਥੋਂ ਗੱਲ ਵੀ ਨਾ ਜਾਏ ਕੀਤੀ,
ਖੁਸ਼ੀਆਂ ਨੂੰ ਬੋਲ ਭੁਲ ਗਏ ਜਦ ਸਾਰ ਮੁਹੱਬਤਾਂ ਨੇ ਲੀਤੀ ।



Academy of the Punjab in North America: http://www.apnaorg.com

—7—

ਅੱਖੀਆਂ ਦੇ ਦੋ ਹਿਰਨ ਗੁਆਚੇ, ਰਾਹ ਪੁਛਦੇ ਸੌ ਵਾਰੀ,
ਲਟ ਜ਼ੁਲਫ਼ਾਂ ਦੀ ਚੰਨ ਮੁਖੜੇ ਨੂੰ ਸਾਂਭ ਸਾਂਭ ਕੇ ਹਾਰੀ
ਰੂਪ ਸਵੇਰ 'ਚ ਹੱਸਦੀ ਰੋਂਦੀ ਸ਼ਾਮ ਇਕ ਦਰਦ ਦੀ ਮਾਰੀ,
ਚਾਲ 'ਚ ਚਿੰਤਾ, ਬੋਲ 'ਚ ਹੌਕੇ, ਚਿਤ ਵਿਚ ਅਰਸ਼ ਉਡਾਰੀ।
ਸਾਹ ਤੱਤਾ ਵੀ ਝੱਲ ਨਹੀਂ ਸਕਦੀ, ਜਿੰਦ ਕੁੜੀ ਦੁਖਿਆਰੀ,
ਪਰਬਤ ਸਬਰ ਦਾ ਬਣ ਜਾਂਦੀ ਹੈ ਫੁੱਲ ਜਹੀ ਕੋਮਲ ਨਾਰੀ।

—8—

ਪਿਆਰ ਦੇ ਬਦਲ ਕਦੇ ਨਾ ਵਰਸੇ
ਰੋ ਰੋ ਅਰਜ਼ ਸੁਣਾਵਾਂ
ਪਿਆਰ ਦੇ ਬਦਲੋ ਕਦੀ ਤਾਂ ਵਰਸੋ
ਦਿਲ ਦਾ ਦਾਗ਼ ਮਿਟਾਵਾਂ
ਪਿਆਰ ਦੀ ਗੰਗਾ ਦਿਲ ਸਾਜਨ ਦਾ
ਪਿਆਰ ਨੂੰ ਝੋਲੀ ਪਾਵਾਂ
ਵਰਖਾ ਪਿਆਰ ਦੀ ਵਰਸਣ ਲੱਗੀ
ਨਿਰਮਲ ਹੋਇਆ ਦਿਲ ਹੈ
ਪਾਪ ਪੁੰਨ ਤੋਂ ਅੱਗੇ ਜਾ ਕੇ
ਪਿਆਰਾਂ ਦੀ ਮੰਜ਼ਿਲ ਹੈ ।

—9—

ਤੇਰੇ ਦਰ ਤੋਂ ਜਦ ਮੈਂ ਤੁਰਿਆ ਮਨ ਦੇ ਨਗਰ ਦੁਹਾਈ ਪੈ ਗਈ
ਨੇੜੇ ਤੇ ਦੂਰ ਦਿਲਾਂ ਦੇ ਹੁੰਦੇ ਕਿੰਨੀ ਦੂਰ ਜੁਦਾਈ ਲੈ ਗਈ
ਸ਼ਬਦਾਂ ਦੇ ਬਾਰੂਦ ਪਲੀਤੇ ਮਹਿਲ ਦਿਲਾਂ ਦੇ ਢੇਰੀ ਕੀਤੇ
ਗੁੰਮ ਸੁੰਮ ਵਾ ਵਰੋਲਿਆਂ ਵਾਂਗੂ ਉਠ ਤੁਰੇ ਅਸੀਂ ਚੁਪ ਚੁਪੀਤੇ
ਜਿੰਦੜੀ ਦੀ ਮਾਸੂਮ ਮੁਹੱਬਤ ਦੂਰ ਤਾਈਂ ਸਮਝਾਵਣ ਆਈ
ਇਸ਼ਕ ਨੂੰ ਲਾਜ ਲੁਆ ਬੈਠੇਂਗਾ ਕਿੰਨੀ ਦੂਰ ਮਨਾਵਣ ਆਈ
ਆਸਾਂ ਦੀ ਬੜੀ ਸੰਘਣੀ ਛਾਂ ਹੈ ਅਣਖ ਸਭੇ ਫਰਜ਼ਾਂ ਦੀ ਮਾਂ ਹੈ
ਉਮਰ ਗੁਆ ਕੇ ਸੋਚ ਰਿਹਾ ਹਾਂ ਥਾਂ ਮੇਰੇ ਲਈ, ਕਿਥੇ ਥਾਂ ਹੈ ।



Academy of the Punjab in North America: http://www.apnaorg.com

—10—

ਨਾ ਮੁੜ ਮੁੜ ਕੇ ਤੱਕਿਆ ਨਾ ਹੰਝੂ ਪਰੋਏ
ਵਿਦਾਈ ਦੇ ਵੇਲੇ ਨਾ ਹੱਸੇ ਨਾ ਰੋਏ
ਇਹ ਦਰਦਾਂ ਦੇ ਸ਼ੋਲੇ ਲੁਕੇ ਨਾ ਲਕੋਏ
ਇਹੀ ਸੋਚ ਲਿੱਤਾ ਜੋ ਹੋਣਾ ਸੋ ਹੋਏ ।
ਜਦੋਂ ਪਿਆਰ ਅੱਖੀਆਂ 'ਚ ਸੁਪਨੇ ਸਜਾਈ
ਜੁਆਨੀ ਸੀ ਬੈਠੀ ਬੜੀ ਆਸ ਲਾਈ
ਬੜੀ ਚੰਨ ਰਾਤਾਂ ਮਚਾਈ ਦੁਹਾਈ
ਤੂੰ ਇਕ ਕਸਕ ਬਣਕੇ ਮੇਰੇ ਦਿਲ ਚ ਆਈ !
ਤੇਰੇ ਆਉਣ ਤੇ ਕਸਕ ਗੀਤਾਂ 'ਚ ਤੁਲਦੀ
ਤੇਰੇ ਜਾਣ ਪਿਛੋਂ ਚੁਰਾਹੇ ਚ ਰੁਲਦੀ
ਇਹੀ ਕਸਕ ਆਸਾ ਦੀ ਸੂਲੀ ਤੇ ਝੂਲਦੀ
ਕਿਸੀ ਤੌਰ ਵੀ ਇਹ ਭੁਲਾਇਆ ਨਾ ਭੁੱਲਦੀ

—11—

ਰਾਤ ਮਿਲਣ ਦੀ ਮਹਿਕਾਂ ਵੰਡਦੀ ਜਿਸ ਉਮਰੇ ਵੀ ਆਈ
ਅੱਖੀਆ ਮੀਚੀ ਦੁਲਹਨ ਵਾਂਗੂ ਪ੍ਰੀਤ ਮੇਰੀ ਸ਼ਰਮਾਈ
ਨਸ ਨਸ ਅੰਦਰ ਮਸਤੀ ਨੱਚੇ ਜਿੰਦ ਫਿਰੇ ਨਸ਼ਿਆਈ
ਬਿਨ ਪਾਇਲ ਦੇ ਪਾਇਲ ਛਣਕੇ ਦੂਰ ਸੁਣੇ ਸ਼ਹਿਨਾਈ
ਬੇਕਦਰੇ ਨੇ ਨਾਲ ਮੁਹੱਬਤ ਜਦ ਗਲਵੱਕੜੀ ਪਾਈ
ਦੇਹ ਦੀ ਪੀਂਘ ਹੁਲਾਰਾ ਖਾ ਕੇ ਸੁਰਗਾਂ ਨੂੰ ਛੁਹ ਆਈ



Academy of the Punjab in North America: http://www.apnaorg.com

## —12—

ਸੁੱਖ ਵਿਚ ਸੁੱਖੀ ਤੇ ਦੁੱਖ ਵਿਚ ਦੁੱਖੀਆ
ਹਾਣ ਮੇਰੇ ਦੀ ਹਾਨਣ
ਬਾਜ ਤੇਰੇ ਜਿੰਦ ਜਿੰਦ ਹੀ ਨਹੀਂਓ
ਦਰਦ ਨਾ ਫਰਜ਼ ਪਛਾਨਣ
ਨਾ ਖੁਸ਼ੀਆਂ ਵਿਚ ਖੁਸ਼ੀਆਂ ਲੱਭਣ
ਨਾ ਦਿਲ ਮੌਜਾਂ ਮਾਨਣ
ਰੰਗਾਂ ਅੰਦਰ ਰੰਗ ਨਹੀਂ ਦਿਸਦੇ
ਨਾ ਚਾਨਣ ਵਿਚ ਚਾਨਣ
ਮਿਤਰ ਯਾਰ ਪੁਰਾਣੇ ਸਾਥੀ
ਸਮੇਂ ਨੂੰ ਖੂਬ ਸਿਆਨਣ
ਸਭ ਕੁਝ ਜਾਨਣ ਵੈਰੀ ਦਿਲ ਦੇ
ਦਿਲ ਦਾ ਹਾਲ ਨਾ ਜਾਨਣ ।

## —13—

ਪਿਪਲੀ ਦੇ ਪੱਤ ਵਾਂਗੂੰ ਪਤਲੀ ਪੰਤਗ ਜਿਹੀ
ਰੂਪ ਦੀ ਬਾਹਰ ਆਈ ਮੋਤੀਏ ਦੇ ਰੰਗ ਜਿਹੀ
ਭਾਰੀ ਕਾਲੀ ਜ਼ੁਲਫਾਂ ਦੀ ਰਾਤ ਕੋਲੋਂ ਤੰਗ ਜਿਹੀ
ਜਾਏ ਨਾ ਇਹ ਟੁੱਟ ਕਿਤੇ ਚਾਨਣੀ ਦੀ ਵੰਗ ਜਿਹੀ
ਜਾਗੀ ਨੀਵੀਂ ਅੱਖੀਆਂ 'ਚ ਪਹਿਲੀ ਪਹਿਲੀ ਸੰਗ ਜਿਹੀ
ਰੂਪ ਦੀ ਬਹਾਰ ਆਈ ਜਿੰਦ ਦੀ ਉਮੰਗ ਜਿਹੀ ।



Academy of the Punjab in North America: http://www.apnaorg.com

—14—

ਤੇਰੇ ਬਾਝ ਦਿਲਾਂ ਦਿਆ ਮਹਿਰਮਾਂ ਕੋਈ ਸੁਣੇ ਨਾ ਦਿਲ ਦਾ ਹਾਲ
ਜਦ ਛੱਡ ਤੁਰ ਜਾਏਂ ਮਹਿਫ਼ਲਾਂ ਚਿੱਤ ਉੱਡਣਾ ਚਾਹੇ ਨਾਲ
ਹਰ ਰੈਣ ਛਿਮਾਸੀ ਰੈਣ ਹੈ ਹਰ ਦਿਨ ਬਣ ਜਾਵੇ ਸਾਲ
ਜਿਵੇਂ ਆਪਮੁਹਾਰੀ ਹੋ ਗਈ ਤੇਰੇ ਬਾਝ ਸਮੇਂ ਦੀ ਚਾਲ
ਚਿਤ ਚਰਖੜੀ ਚੜ੍ਹੀ ਉਡੀਕਦੀ ਗਲ ਆਸ ਦੀ ਪਾਈ ਮਾਹਲ
ਦੁੱਖ ਵਰਮ ਦਿਲ ਨੂੰ ਚੀਰਦਾ ਜਿਵੇਂ ਚੁੱਭੇ ਕਲੇਜੇ ਭਾਲ
ਤੂੰ ਅਰਸ਼ ਹੁਲਾਰਾ ਇਸ਼ਕ ਦਾ ਮੈਂ ਥਰ ਥਰ ਕੰਬਦੀ ਡਾਲ
ਤੇਰੀ ਯਾਦ ਦਿਲਾਂ ਦਿਆ ਮਹਿਰਮਾਂ ਲਾ ਲਈ ਕਲੇਜੇ ਨਾਲ ।

—15—

ਸੱਜ ਧੱਜ ਤੱਕੀ ਰੂਪ ਦੀ ਤਕਿਆ ਜਦ ਮੂੰਹ ਫੇਰ,
ਰੂਪ ਦੀ ਬਿਜਲੀ ਲਿਸ਼ਕਦੀ ਨੂਰੋਂ ਨੂਰ ਹਨੇਰ ।
ਬੱਦਲ ਵਿਚੋਂ ਵਰਸਦਾ ਚਾਨਣ ਚਾਰ ਚੁਫੇਰ,
ਪਿਆਰ 'ਚ ਡੁੱਬੀ ਰਾਂਗਲੀ ਸੌਣ ਦੀ ਜਿਵੇਂ ਸਵੇਰ ।
ਸਾਂਵਲੇ ਸੌਣ ਨੂੰ ਪੁਛਦੀ ਜੇ ਸੱਚੀ ਤੇਰੀ ਮੇਹਰ,
ਰਿਮ ਝਿਮ ਕਿਉਂ ਨਹੀਂ ਵਰਸਦਾ ਕੀ ਵਰਸਣ ਵਿਚ ਦੇਰ ।



Academy of the Punjab in North America: http://www.apnaorg.com

—16—

ਗੱਡੀ ਸਮੇਂ ਦੀ ਉਡਦੀ ਜਾਵੇ
ਵਿਚ ਮੁਸਾਫਰ ਅਸੀਂ ਤੁਸੀਂ ਸੀ,
ਚੁੱਪ ਦੀ ਬੁੱਕਲ ਵਿਚ ਲਪੇਟੇ
ਇਕੋ ਬੋਲ ਨੂੰ ਤਰਸ ਰਹੇ ਸੀ।
ਬੋਲ ਜੋ ਸਾਡੇ ਦਿਲ ਵਿਚ ਜੰਮੇ
ਤੜਫ ਕੇ ਬੁਲੀਆਂ ਤੀਕਣ ਆਏ,
ਬੁਲੀਆਂ ਤੇ ਆ ਕੇ ਸ਼ਰਮਾਏ;
ਬੋਲ ਜੋ ਸਾਡੇ ਪਿਆਰਾਂ ਦਾ ਸੀ।

—17—

ਫੇਰ ਵਿਛੋੜੇ ਹੌਂਕਣ ਲਗੇ
ਜਿਵੇਂ ਜਹਾਜ਼ ਦਾ ਘੁਗੂ ਰੋਵੇ,
ਆਸਾਂ ਨੇ ਰੁਮਾਲ ਹਿਲਾਏ,
ਫੇਰ ਨਿਰਾਸ਼ਾ ਜਾਗਣ ਲਗੀ।
ਦੂਰੀ ਦਿਲਾਂ ਦੀ ਉਮਰਾਂ ਲੰਮੀ
ਦਰਦ ਕੁਠਾਲੀਆਂ ਅੰਦਰ ਢਲਦੇ,
ਬੋਲ ਸਿਤਾਰੇ ਬਣ ਜਾਂਦੇ ਹਨ
ਜਿਥੋਂ ਚਾਨਣ ਝਰਦਾ ਰਹਿੰਦਾ,
ਵਰਸਾਂ ਤੀਕਣ ਉਮਰਾਂ ਤੀਕਣ।
ਵਰਸਾਂ ਤੀਕਣ ਉਮਰਾਂ ਤੀਕਣ।



Academy of the Punjab in North America: http://www.apnaorg.com

## 18

ਚੇਤਰ, ਹੁੱਤੇ ਚਾਨਣੀ ਲੰਬੀ ਚਾਦਰ ਤਾਣ,
ਅੰਬਾਂ ਥੱਲੇ ਸੌਂ ਗਈ ਭੁਲੀ ਕੁੱਲ ਜਹਾਨ।
ਵਿਚ ਵਿਸਾਖ ਦੇ ਉੜ ਗਈ ਪਿਆਰ ਮੇਰੇ ਦੀ ਸਾਖ,
ਸਭ ਕੁਝ ਜਲ ਥੇਹ ਹੋ ਗਿਆ ਉਡ ਗ਼ਈ ਕਿਧਰੇ ਰਾਖ।
ਜੇਠ ਚ ਜੀਣਾ ਕਹਿਰ ਹੈ ਸੂਰਜ ਚੜ੍ਹਦਾ ਰੋਹ,
ਹਾੜ੍ਹ ਹਿਜਰ ਤੇ ਹਿਰਖ ਦੇ ਹੋਰ ਵੀ ਲੰਮੇ ਕੋਹ।
ਸਾਵਨ ਭਾਦੋਂ ਨੈਣ ਦੋ ਰੋ ਰੋ ਫਾਹਵੇਂ ਹੋ,
ਹਿਜਰ ਹਿਰਖ ਦੇ ਦੁੱਖੜੇ ਵਰਖਾ ਦਿੰਦੀ ਧੋ।
ਅਸੂ ਆਸਾਂ ਜਾਗੀਆਂ ਨੈਣੀ ਦੀਪ ਸੰਜੋਗ,
ਕੱਤਕ ਰੁਤੇ ਜਾਗਦੀ ਸਾਹਾਂ ਦੀ ਖ਼ੁਸ਼ਬੋ।
ਮੱਘਰ ਪੋਹ ਵਧਾਂਵਦੇ ਇਸ ਦੁਨੀਆਂ ਦਾ ਮੋਹ,
ਸੁੱਤੜੇ ਗੀਤ ਜਗਾਵਦੀਂ ਪਿਆਰਾਂ ਦੀ ਹਰ ਛੋਹ।
ਮਾਘ 'ਚ ਪਾਲੇ ਟੁੱਟਦੇ ਕੱਤਕ ਜਾਣ ਖਲੋ,
ਫੱਗਣ ਰੁੱਤ ਬਹਾਰ ਦੀ ਫੁੱਲਾਂ ਹਾਰ ਪਰੋ।
ਚੇਤ 'ਚ ਚੇਤਨਾ ਜਾਗਦੀ ਕੌਣ ਹੈ ਮਨਦਾ ਮੀਤ,
ਧਨ ਦੌਲਤ ਸਭ ਝੂਠ ਹਨ ਸੱਚੀ ਕੇਵਲ ਪ੍ਰੀਤ।
ਵਿਚ ਵਿਸਾਖ ਦੇ ਹੋਂਵਦਾਂ ਸੋਨਾ ਰੂਪ ਜਹਾਨ,
ਖ਼ੁਸ਼ੀਆਂ ਵਿਹੜੇ ਨੱਚੀਆਂ ਜਾਗ ਪਏ ਅਰਮਾਨ।

## 19

Academy of the Punjab in North America: http://www.apnaorg.com

—19—

ਮਨ ਦੇ ਮੀਤ ਮੈਂ ਕਿਉਂ ਲੱਭਦਾ ਹਾਂ,
ਮਨ ਦੇ ਮੀਤ ਜੋ ਛੱਡ ਗਏ ਮੈਨੂੰ,
ਮਨ ਦੇ ਮੀਤ ਜੋ ਮੈਂ ਖੁਦ ਛੱਡੇ,
ਪਿਆਰ ਜੋ ਰਾਹਾਂ ਤੱਕਦੇ ਰਹਿ ਗਏ,
ਪਿਆਰ ਜੋ ਫੇਰ ਕਦੇ ਨਾ ਪਰਤੇ,
ਪਿਆਰ ਜੋ ਹੱਸ ਹੱਸ ਰੋਜ਼ ਬੁਲਾਵਣ,
ਪਿਆਰ ਜਿਨ੍ਹਾਂ ਦੇ ਮੂੰਹ ਸ਼ਰਮੀਲੇ,
ਪਿਆਰ ਜਿਨ੍ਹਾਂ ਦੀ ਉਮਰ ਲੰਮੇਰੀ,
ਅੱਖ ਝਪਕੇ ਵਿਚ ਉਡ ਗਏ ਕਿਧਰੇ,
ਫੇਰ ਵੀ ਆਸ ਦਾ ਦੀਪਕ ਬਾਲੀ,
ਜਾਣੇ ਕਿਸਦੀ ਰਾਹ ਤੱਕਦਾ ਹਾਂ ?

—20—

ਬਾਲ ਉਮਰ ਵਿਚ ਪਿਆਰ ਅਜਾਨਾ,
ਮਾਂ ਦਾ ਪੱਲੂ ਫੜਕੇ ਤੁਰਦਾ
ਨਿੱਘ ਸਨੇਹ ਤੇ ਰੱਖਿਆ ਮੰਗੇ।
ਗਭੱਰੂ ਹੋ ਕੇ ਪਿਆਰ ਅਵੱਲੜਾ,
ਪਿਆਰ ਦੇ ਬਦਲੇ ਪਿਆਰ ਹੈ ਮੰਗਦਾ।
ਜੇਕਰ ਪਿਆਰ ਮਿਲਨ ਨਾ ਹੋਵੇ,
ਰੋ ਰੋ ਜਾਨ ਗੁਆ ਦਿੰਦਾ ਹੈ।
ਸਮਝ ਦੀ ਉਮਰੇ ਪਿਆਰ ਦਿਲਾਂ ਦਾ,
ਪਿਆਰ ਸੁਗੰਧੀਆਂ ਸਭ ਨੂੰ ਵੰਡੇ
ਕੁਝ ਨਾ ਮੰਗੇ ਮੀਤ ਦਿਲਾਂ ਦਾ ਬਣ ਜਾਂਦਾ ਹੈ।



Academy of the Punjab in North America: http://www.apnaorg.com

# ਇਕ ਖ਼ਾਹਸ਼ ਜੋ ਪਾਗਲ ਹੋ ਗਈ

ਵਰ੍ਹਿਆਂ ਪਹਿਲਾਂ ਬਾਲ ਉਮਰ ਵਿਚ
ਇਕ ਖ਼ਾਹਜ਼ ਮੇਰੇ ਦਿਲ ਵਿਚ ਜੰਮੀ
ਤੈਨੂੰ ਚੁੰਮ ਲੈਣ ਦੀ ਖ਼ਾਹਿਸ਼
ਨਸ ਨਸ ਵਿਚ ਉਹ ਅੱਗ ਲਗਾ ਗਈ
ਨਸ ਨਸ ਅੰਦਰ ਪਾਰਾ ਭਰ ਗਈ ।

ਪਾਗਲ ਮੂਰਖ ਦਿਲ ਨੂੰ ਕਹਿਕੇ
ਮੈਂ ਦਿਲ ਨੂੰ ਸਮਝਾ ਹੀ ਲਿਤਾ
ਖ਼ਾਹਸ਼ ਦਾ ਫਿਰ ਗਲਾ ਦਬਾ ਕੇ
ਦਿਲ ਦਿਆਂ ਡੂੰਘਿਆ ਪਾਣੀਆਂ ਅੰਦਰ
ਮਾਰ ਮੁਕਾਵਣ ਡੋਬਣ ਪਿਛੋਂ
ਮੇਰਾ ਦਿਲ ਨਿਸਚਿੰਤ ਹੋ ਗਿਆ ।

ਬੜੀ ਹੀ ਪਾਗਲ ਖ਼ਾਹਸ਼ ਸੀ ਉਹ
ਪੱਥਰ ਨੂੰ ਜੋ ਪਾਣੀ ਕਰ ਗਈ
ਤੇਰਿਆਂ ਬੁੱਲਾਂ ਦੀ ਉਹ ਨਰਮੀ
ਖ਼ਾਬਾਂ ਦੇ ਕਈ ਮਹਿਲ ਸਜਾ ਗਈ
ਗੀਤਾਂ ਦੇ ਦਰਦਾਂ ਵਿਚ ਢਲ ਗਈ
ਨਜ਼ਰ ਮੇਰੀ ਅਵਾਰਾ ਕਰ ਗਈ
ਸੱਚ ਦਾ ਮੈਨੂੰ ਚੋਰ ਬਣਾ ਗਈ
ਖ਼ਾਹਸ਼ ਆਪ ਵੀ ਸੂਲੀ ਚੜ੍ਹ ਗਈ
ਫਾੜ ਸ਼ਰਾਫ਼ਤ ਦੇ ਸੱਭ ਪਰਦੇ
ਦਿਲ ਵਿਚ ਨੰਗੀ ਨੱਚਣ ਲੱਗੀ ।



Academy of the Punjab in North America: http://www.apnaorg.com

ਮੈਂ ਆਪਣੇ ਨੰਗੇਜ਼ ਤੋਂ ਡਰਦਾ
ਓੜ੍ਹ ਸ਼ਰਾਫ਼ਤ ਦੀ ਫ਼ਿਰ ਚਾਦਰ
ਅੱਜ ਤਕ ਨੀਂਵੀ ਪਾਈ ਫਿਰਦਾ
ਖ਼ਾਹਸ਼ ਕਿਧਰੇ ਜਾਗ ਪਏ ਨਾ
ਕੈਦੀ ਬਣ ਜੋ ਪਾਗਲ ਹੋ ਗਈ,
ਫੁੱਲਾਂ ਨੂੰ ਚੁੰਮਣ ਦੀ ਖਾਹਸ਼ ।
ਫੁਲਾਂ ਨੂੰ ਚੁਮਨ ਦੀ ਖਾਹਸ਼ ।



Academy of the Punjab in North America: http://www.apnaorg.com

# ਲਾਲ ਬੱਤੀ ਜ਼ਖਮ ਦੀ

ਸੋਨ ਮੱਛੀ ਦੀ ਚਮਕਦੀ ਅੱਖ ਵਿਚ
ਤੀਰ ਜਦ ਵੀ ਮਾਰਿਆ
ਉਹ ਤੀਰ ਮੇਰੀ ਆਸ ਦਾ
ਮੇਰੇ ਕਲੇਜੇ ਵੱਜਿਆ ।
ਹੈਰਾਨ ਸੋਚੀਂ ਡੁੱਬਿਆ
ਮਜਬੂਰ ਤੇ ਲਾਚਾਰ ਮੈਂ
ਇਕ ਜ਼ਖਮ ਬਣਕੇ ਰਹਿ ਗਿਆ
ਇਹ ਜ਼ਖਮ ਮੇਰੀ ਸੋਚ ਦਾ
ਇਹ ਜ਼ਖਮ ਮੇਰੀ ਹੋਸ਼ ਦਾ
ਹੈ ਲਾਲ ਸੂਹੀ ਅੱਖ ਜਿਸਦੀ
ਨੇਰ੍ਹੀਆਂ ਰਾਤਾਂ 'ਚ ਉਠੇ ਉਮਰਦੇ ਤੂਫਾਨ ਵਿਚ
ਇਹ ਲਾਲ ਬੱਤੀ ਜ਼ਖਮ ਦੀ
ਤੇਰੀ ਨਿਸ਼ਾਨੀ ਸਮਝ ਕੇ
ਮੈਂ ਹੋਰ ਉੱਚੀ ਕਰ ਲਈ
ਇਹ ਉਮਰ ਦੇ ਤੂਫਾਨ ਵਿਚ
ਰਾਹੀਆ ਨੂੰ ਰਾਹ ਦਰਸਾਂਵਦੀ
ਮੈਂ ਲਾਲ ਬੱਤੀ ਜ਼ਖਮ ਦੀ,
ਤੂੰ ਦੂਰ ਦੁਨੀਆਂ ਆਸ ਦੀ



Academy of the Punjab in North America: http://www.apnaorg.com

# ਦੁਖ

ਗੀਤ ਦਿਲਾਂ ਦੇ ਦੁਖ ਜੰਮੇ
ਦੁੱਖ ਉਮਰਾਂ ਦੇ ਉਮਰਾਂ ਲੰਮੇ ।
ਦੁੱਖਾਂ ਦਾ ਜਦ ਰਾਜ ਨ ਮੁੱਕਿਆ
ਸੁਰਗ ਖ਼ੁਸ਼ੀ ਦਾ ਕਿਥੇ ਲੱਭੀਏ
ਝੂਠੇ ਗੀਤ ਖ਼ੁਸ਼ੀ ਦੇ ਗਾ ਕੇ
ਦਿਲ ਦਿਲ ਨੂੰ ਪਰਚਾਉਣਾ ਚਾਹੇ
ਦੁੱਖ ਦਾ ਦਿਲ ਬਹਿਲਾਉਣਾ ਚਾਹੇ।
ਦੁੱਖ ਬੁਝਾਂ ਦੀ ਚੇਤਨਤਾ ਹੈ
ਚੇਤਨਤਾ ਦੀ ਬੇਚੈਨੀ ਹੈ
ਬੰਧਨ ਤੋੜਦੀ ਰੂਹ ਦਾ ਦਿਲ ਹੈ
ਦੁੱਖ ਤਾਂ ਇਕ ਸੰਘਰਸ਼ ਹੈ ਦਿਲ ਦਾ ।
ਦੁੱਖ !
ਭਿਖਾਰੀ,
ਵੇਸਵਾ,
ਨੌਕਰ,
ਸਾਧੂ
ਮੈਕਸ਼,
ਚੋਰ,
ਉਚੱਕਾ,
ਸੌ ਰੂਪਾਂ ਵਿਚ ਢਲ ਸਕਦਾ ਹੈ
ਦੁੱਖ ਦਿਲਾਂ ਦੀ ਚੇਤਨਾ ਬਣਕੇ
ਇਕ ਤਲਵਾਰ ਵੀ ਬਣ ਸਕਦਾ ਹੈ ।
ਸੁੱਖ ਤੇ ਸੱਚ ਲਈ ਲੜ ਸਕਦਾ ਹੈ।



Academy of the Punjab in North America: http://www.apnaorg.com

# ਪਤਝੜ

ਹੌਕੇ ਵਾਂਗੂ 'ਵਾ ਦਾ ਬੁਲਾ
ਇਕ ਪੱਤੀ ਦੇ ਕੋਲ ਦੀ ਲੰਘਿਆ
ਹੰਝੂ ਵਾਂਗ ਜੋ ਸ਼ਰਮੀਲੀ ਸੀ
ਉਸ ਪੱਤੀ ਦਾ ਕਾਲਜਾ ਕੰਬਿਆ।
ਪੱਤੀ ਰੋਈ ਤੇ ਘਬਰਾਈ
ਹੌਕੇ ਨੇ ਮੇਰਾ ਤਨ ਮਨ ਡੰਗਿਆ
ਡਿੱਗ ਪਈ ਪੱਤੀ ਉਡ ਗਿਆ ਬੁੱਲਾ
ਰਹਿ ਗਿਆ ਹੌਕਾ, ਥੱਕਿਆ ਹੰਭਿਆ।

ਫੁੱਲ ਨੇ ਦਸਿਆ ਡਾਲੀ ਨੂੰ ਇਹ
ਡਾਲੀ ਬੋਲੀ ਤੇ ਘਬਰਾਈ
ਜੱਗ ਜਿਸ ਆਖੇ ਬਾਗ਼ ਲੁਆਈ
ਕੱਟ ਕਲਮ ਮੇਰੀ ਦੇਹ ਦੀ ਲਾਈ
ਫੁੱਲਾਂ ਦੇ ਮੂੰਹ ਪੀਲੇ ਪੈ ਗਏ
ਕਿਸ ਵੈਰੀ ਦੀ ਵੈਰ ਕਮਾਈ।

ਬਾਗ਼ ਕਹੇ ਪਤਝੜ ਨਾ ਆਵੇ
ਪਤਝੜ ਕਹੇ ਮੈਂ ਸਦਾ ਵਿਜੋਗਨ
ਦੁੱਖਾਂ ਦੀ ਜ਼ੰਜੀਰ ਲੰਮੇਰੀ
ਪੱਤੀ ਪੱਤੀ ਬਣੀ ਹੈ ਜੋਗਨ।



Academy of the Punjab in North America: http://www.apnaorg.com

# ਨਿਕੜੇ ਸ਼ਹਿਰ ਦੇ ਦੁਖ ਹਜ਼ਾਰ

ਨਿਕੜੇ ਸ਼ਹਿਰ ਦੇ ਦੁੱਖ ਹਜ਼ਾਰ
ਚੁਕਿੱਆ ਸਮੇਂ ਦਾ ਸਿਰ ਤੇ ਭਾਰ
ਇਥੇ ਚੁਗਲੀਆਂ ਦੇ ਬਾਜ਼ਾਰ
ਕਿੰਨੇ ਊਜਾਂ ਦੇ ਭੰਡਾਰ।

ਇਹ ਤਾਂ ਖੁਰਦਬੀਨ ਸਾਕਾਰ
ਇਥੇ ਵੱਧ ਜਾਵੇ ਆਕਾਰ
ਇਥੇ ਰਾਈ ਰਾਈ ਬਣੇ ਪਹਾੜ,
ਲਾਉਂਦਾ ਦਿਲਾਂ ਦੁਆਲੇ ਵਾੜ।

ਸੂਈ ਗਿਰੇ ਤਾਂ ਗੁੰਬਦ ਗੂੰਜੇ
ਕਿੰਨੇ ਕੋਲ ਨੇ ਚਾਰੇ ਖੂੰਜੇ,

ਫੈਲਿਆ ਝੂਠਾਂ ਦਾ ਜੰਜਾਲ
ਨਿਕੇ ਲੋਕ ਤੇ ਦਿਲ ਕੰਗਾਲ।

ਸੜਿਆਂ ਪੱਤਿਆਂ ਦਾ ਹੈ ਢੇਰ
ਇਸਨੂੰ ਹੂੰਝੇ ਸਮੇਂ ਦਾ ਫੇਰ।
ਉਥੇ ਤੱਕੀ ਇਕ ਮੁਟਿਆਰ
ਜਿਸਦੇ ਸ਼ਬਦਾਂ ਵਿਚ ਤਲਵਾਰ,
ਜਿਸਦੀਆਂ ਅੱਖੀਆਂ ਵਿਚ ਪਿਆਰ,
ਜਿਸਦੇ ਪੈਰਾਂ ਵਿਚ ਬਹਾਰ।
ਜਿਹੜੀ ਸੱਚ ਦਾ ਸੁੱਚਾ ਰੂਪ,
ਜਿਹੜੀ ਸਮੇਂ ਦੀ ਪਾਵਨ ਧੂਫ
ਚਮਕੇ ਬਿਜਲੀ ਬਦਲ ਫਾੜ



Academy of the Punjab in North America: http://www.apnaorg.com

ਤੋੜੇ ਦਿਲਾਂ ਦੁਆਲੇ ਵਾੜ !
ਲੋਕੀ ਮੁੜ ਮੁੜ ਉਸ ਨੂੰ ਤੱਕਣ
ਆਪੇ ਬਲਣ ਤੇ ਆਪੇ ਮੱਚਣ,
ਦਿਲ ਵਿਚ ਡਰਨ ਤੇ ਬਾਹਰੋਂ ਹੱਸਣ।
ਨਾਲੇ ਕੋਲ ਕੋਲ ਹੋ ਵੱਸਣ ,
ਕਿਥੋਂ ਆ ਵੱਸੀ ਮੁਟਿਆਰ,
ਨਿਕੜੇ ਸ਼ਹਿਰ ਦੇ ਦੁੱਖ ਹਜ਼ਾਰ।



Academy of the Punjab in North America: http://www.apnaorg.com

# ਬਾਬਲ ਕੰਤ ਸਹੇੜਿਆ

ਬਾਬਲ ਕੰਤ ਸਹੇੜਿਆ ਜਿਉਂ ਪਾਣੀ ਵਿਚ ਲੋਅ
ਕੀ ਕਰਨਾ ਲਿਸ਼ਕਾਰ ਨੂੰ ਨਿੱਘ ਨਾ ਦੇਵੇ ਜੋ।
ਬਾਬਲ ਕੰਤ ਸਹੇੜਿਆ ਜਗ ਦਾ ਆਖਾ ਮੰਨ
ਰੂਪ ਦੀ ਉਜੱਲੀ ਚਾਨਣੀ ਠੰਡਾ ਠੀਕਰ ਚੰਨ।
ਬਾਬਲ ਕੰਤ ਮੈਂ ਚਾਂਵ੍ਹਦੀ ਰੁੱਤ ਬਹਾਰ ਦੀ ਅੱਗ
ਦਿਲ ਦਾ ਗੁਲਸ਼ਨ ਦਹਿਕ ਪਏ ਵੇਖਣ ਆਏ ਜੱਗ।
ਬਾਬਲ ਕੰਤ ਮੈਂ ਚਾਂਵ੍ਹਦੀ ਰੰਗਲੀ ਜਿਵੇਂ ਬਹਾਰ
ਜਨਮ ਮਰਨ ਦਾ ਸਾਥ ਹੋ ਸੱਚਾ ਜਿਸਦਾ ਪਿਆਰ।
ਕੰਤ ਮੈਂ ਆਪ ਸਹੇੜਿਆ ਬਿਜਲੀ ਦੀ ਲਸ਼ਕਾਰ
ਬੱਦਲ ਵਾਂਗੂ ਗਰਜਦਾ ਸੌਣ ਦੀ ਕਦੇ ਫੁਹਾਰ।
ਕੰਤ ਮੈਂ ਆਪ ਸਹੇੜਿਆ ਮਿਠੜੇ ਜਿਸਦੇ ਬੋਲ
ਪੂਰਾ ਕਦੇ ਨ ਤੋਲਦਾ ਜਦ ਤੋਲੇ ਬੇਤੋਲ।
ਕੰਤ ਮੈਂ ਆਪ ਸਹੇੜਿਆ ਚੜ੍ਹਿਆ ਰਹੇ ਅਸਮਾਨ
ਸ਼ਾਇਰ ਬਣ ਗਿਆ ਚੰਦਰਾ ਦੁਖਾਂ ਦਾ ਵਰਦਾਨ।



Academy of the Punjab in North America: http://www.apnaorg.com

# ਸਿਸ਼ਟਾਚਾਰ ਦੇ ਕਫ਼ਨ ਥੱਲੇ

ਪਿੰਡ ਗਰਾਂ ਡੇਰੇ ਭੂਤਾਂ ਦੇ
ਜਿਥੇ ਡੂੰਘੀਆਂ ਨਫ਼ਰਤਾਂ ਜੰਮਣ।
ਨਗਰ ਨਗਰ ਦੇ ਨਰਕਾਂ ਅੰਦਰ
ਹਸਦਾਂ ਦੀ ਬਦਬੂ ਦੇ ਉਤੇ
ਇਤਰ ਫਲੇਲ 'ਚ ਡੁਬੀ ਹੋਈ
ਰੂਪ ਰੰਗ ਦੀ ਦੁਨੀਆ ਵੱਸੇ।
ਖੋਖਲੇ ਹਾਸੇ, ਝੂਠੇ ਚੁੰਮਣ
ਭੁੱਖੀਆਂ ਛੋਹਾਂ ਗੰਦੀਆਂ ਨਜ਼ਰਾਂ,
ਸੁੱਖ ਦੀ ਘੜੀ ਚੁਰਾਵਣ ਦੇ ਲਈ
ਸੱਚ ਨੂੰ ਰਿਸ਼ਵਤ ਰੋਜ਼ ਚੜ੍ਹਾਵਣ।
ਇਸ ਦੁਨੀਆਂ ਦਾ ਭੇਦ ਨਾ ਖੋਲੀਂ
ਦਿਲ ਦਾ ਕੋਹੜ ਲਕੋ ਲਈ ਅੜਿਆ,
ਸਿਸ਼ਟਾਚਾਰ ਦੇ ਕਫ਼ਨ ਥਲੇ।

ਨਫ਼ਰਤ ਦੀ ਜ਼ਾਲਮ ਲੀਕ ਨੂੰ,
ਪਿਆਰਾਂ ਦੀ ਰੇਖ ਨੇ ਆਖਿਆ
ਬੰਬਾਂ ਦੀ ਗਿਰਦੀ ਡਾਰ ਤੂੰ,
ਖੰਜਰ ਦੀ ਤਿੱਖੀ ਧਾਰ ਤੂੰ
ਜੇਲ੍ਹਾਂ ਦੀ ਹੈਂ ਦੀਵਾਰ ਤੂੰ,
ਦਿਲ ਚੀਰਦੀ ਤਲਵਾਰ ਤੂੰ।
ਗੁੱਸਾ ਜੋ ਉਸਨੂੰ ਆ ਗਿਆ
ਪਿਆਰਾਂ ਦੀ ਰੇਖਾ ਤਣ ਗਈ
ਨਫ਼ਰਤ ਮਿਟਾਵਣ ਦੇ ਲਈ
ਨਫ਼ਰਤ ਦੀ ਰੇਖਾ ਬਣ ਗਈ।



Academy of the Punjab in North America: http://www.apnaorg.com

# ਪਰਬਤ ਕੰਧਾਂ

ਹਰ ਇਕ ਦਿਲ ਦੀ ਆਪਣੀ ਦੁਨੀਆਂ,
ਚਾਰ ਚੁਫੇਰੇ ਚਿੰਤਾ ਸਾਗਰ,
ਦਿਲ ਇਕ ਜਿਵੇਂ ਜਜ਼ੀਰਾ ਹੱਵੇ।

ਹਰ ਦਿਲ ਅੰਦਰ ਹੈ ਯੁਧ ਛਿੜਿਆ,
ਨੂਤਨ ਕਿਤੇ ਪੁਰਾਤਨ ਲੜਦੇ,
ਚੇਤਨੜਾ ਨਾਲ ਲੜੇ ਅਚੇਤਨ,
ਨੇਹਰੇ ਕਿਤੇ ਸਵੇਹੇ ਲੜਦੇ,
ਪਤਝੜ ਕਹੇ ਬਹਾਰ ਨਾ ਆਏ,
ਦਿਲ ਨੂੰ ਕਦੀ ਕਰਾਰ ਨਾ ਆਏ।

ਫੇਰ ਅਚਾਨਕ ਦੁਨੀਆਂ ਬਦਲੀ
ਦਿਲ ਦੇ ਕੁਰੂਕਸ਼ੇਤਰ ਅੰਦਰ,
ਸੁਲਹਾ ਦੇ ਚਿੱਟੇ ਝੰਡੇ ਝੂਲਣ।

ਪਿਆਰ ਮੁਹੱਬਤ ਦਾ ਦਿਨ ਚੜ੍ਹਿਆ,
ਪਿਆਰ ਨੇ ਆ ਕੇ ਪੱਥਰ ਹੋਈ,
ਦਿਲ ਦੀ ਦੁਨੀਆਂ ਨੂੰ ਛੋਹ ਲਿਤਾ,
ਦਿਲਾਂ ਦੁਆਲੇ ਪਰਬਤ ਕੰਧਾਂ,
ਇਕ ਇਕ ਕਰਕੇ ਢਹਿੰਦੀਆਂ ਜਾਵਣ।



Academy of the Punjab in North America: http://www.apnaorg.com

## ਰੂਪ ਦਾ ਰੰਗ ਨਹੀਂ ਹੈ ਕੋਈ

ਰੂਪ ਦਾ ਰੰਗ ਨਹੀਂ ਹੈ ਕੋਈ !
ਰੂਪ ਦਾ ਰੰਗ ਨਹੀਂ ਹੈ ਕੋਈ,
ਰੂਪ ਦਾ ਦੇਸ ਨਹੀਂ ਹੈ ਕੋਈ ।
ਕੋਈ ਸਾਂਵਲਾ ਰੂਪ ਜਿਵੇਂ ਹੈ ਸ਼ਾਮ ਸਲੋਨੀ ।
ਗੋਰਾ ਚੰਪਈ ਰੂਪ ਜੀਕਣ ਦਿਨ ਉਜਿਆਰਾ
ਰੂਪ ਦੇ ਕਿੰਨੇ ਭੇਸ ਰੂਪ ਦੇ ਵੇਸ ਹਜ਼ਾਰਾਂ ।

ਪਿਆਰ ਦਾ ਇਕੋ ਰੰਗ,
ਸੁਰਖ ਚਮਕਦਾ ਖ਼ੂਨ
ਇਨਸਾਨਾਂ ਦੇ ਦਿਲ ਦਾ ।
ਰੂਪ ਦਾ ਰੰਗ ਨਹੀਂ ਹੈ ਕੋਈ ।
ਰੂਪ ਦਾ ਦੇਸ ਨਹੀਂ ਹੈ ਕੋਈ ।



Academy of the Punjab in North America: http://www.apnaorg.com

# ਉਮਰਾਂ ਬਾਦ

ਉਮਰਾਂ ਬਾਦ
ਇਕ ਹੋਰ ਹੀ ਤਰ੍ਹਾਂ,
ਸਾਡੀ ਮੁਲਾਕਾਤ ਸੀ ਹੋਈ।
ਅੱਖਾਂ 'ਚ ਝਿਜਕ ਸੀ,
ਅਨੁਭਵ ਜੀਕਣ
ਹਰ ਗੱਲ ਨੂੰ ਤੋਲੇ।
ਗੱਲਾਂ 'ਚ ਹਰ ਇਕ ਗੱਲ ਸੀ
ਲੇਕਿਨ,
ਜਿਵੇਂ, ਹਰ ਗੱਲ ਕੋਈ ਸੋਚਕੇ ਬੋਲੇ।

ਫ਼ਾਸਲਾ ਉਮਰ ਦਾ
ਦੀਵਾਰ ਜਹੀ ਸ਼ੀਸ਼ੇ ਦੀ
ਉਪਰੋ ਰਸਮੀ ਤਅੁਲਕ਼ਾਤ ਦੇ ਬੋਝਲ ਫ਼ਿਕਰੇ
ਵਿਗਾਨਿਆਂ ਵਾਂਗੂ
ਵਿਚਾਲੇ ਆ ਖੜੇ ਸਨ।
ਫੇਰ, ਮੈਂ ਹੀ ਦਿਲ ਦਾ ਫਾਟਕ ਖੋਲ੍ਹਿਆ
ਪਿਆਰ ਦੀ ਇਕ ਲੰਮੀ ਡੂੰਘੀ ਸੁਰੰਗ ਲਾ
ਦਿਲ ਦੇ ਕ਼ਿਲ੍ਹੇ ਦੀਆਂ ਸਭ ਫ਼ਸੀਲਾਂ ਤੋੜਕੇ
ਛੋਹ ਲਿਆ ਸੀ,
ਦਿਲ ਤੇਰਾ।
ਬਸ ਇਕੋ ਛੋਹ ਦੇ ਸਦਕੇ
ਸਭੇ ਉਡ ਗਏ ਕਿਧਰੇ
ਫ਼ਾਸਲਾ,
ਉਮਰ,
ਝਿਝਕ
ਦੀਵਾਰ ਸ਼ੀਸ਼ੇ ਦੀ।



Academy of the Punjab in North America: http://www.apnaorg.com

# ਦੂਜਾ ਹੱਥ

ਮੁਹੱਬਤ ਨੇ ਇੰਜ ਹੱਥ ਮੋਢੇ ਤੇ ਧਰਿਆ
ਪ੍ਰੀਤਾਂ ਨਿਭਾਵਣ ਦਾ ਇਕਰਾਰ ਜਿਵੇਂ
ਅਜੇ ਤਕ,
ਖਾਲੀ ਹੈ ਇਕ ਹੱਥ ਇਸਦਾ
ਜੋ ਇਸ ਸੋਹਣੇ ਜੀਵਨ ਦੀ ਰਖਿਆ ਦੀ ਖਾਤਿਰ,
ਅਜੇ ਤਾਂਈ
ਧਰਿਆ ਹੈ ਸ਼ਮਸ਼ੀਰ ਨੇੜੇ,
ਮੁਹੱਬਤ ਦਾ ਜ਼ਾਮਨ
ਘਰਾਂ ਦੀ ਖੁਸ਼ੀ ਦਾ ।



Academy of the Punjab in North America: http://www.apnaorg.com

# ਜੁਆਨੀ

ਕਦੀ ਫੁੱਲਾਂ 'ਚ ਰੋਂਦੀ ਹੈ ਕਦੀ ਸੂਲੀ ਤੇ ਹੱਸਦੀ ਹੈ,
ਜੁਆਨੀ ਜਿਊਣ ਦਾ ਰਾਹ ਉਮਰ ਨੂੰ ਉਮਰਾਂ ਤੋਂ ਦੱਸਦੀ ਹੈ।

ਭਟਕਦੀ ਰੂਹ ਫਿਰਦੀ ਹੈ ਕਿਤੇ ਵੀ ਚੈਨ ਮਿਲਦਾ ਨਹੀਂ,
ਦਿਲਾਂ ਤੇ ਜ਼ਖ਼ਮ ਖਾਂਦੀ ਹੈ ਜੋ ਮੁੜਕੇ ਫੇਰ ਸਿਲਦਾ ਨਹੀਂ।

ਕਦੀ ਖ਼ੁਸ਼ੀਆਂ ਦੇ ਸਾਗਰ ਚ, ਕਦੀ ਚਿੰਤਾ ਦੇ ਝੱਲਾਂ 'ਚ,
ਕਦੀ ਚਾਹਤ ਦੇ ਸੁਰਗਾਂ 'ਚ ਕਦੀ ਨਫ਼ਰਤ ਦੇ, 'ਕੱਲਾਂ' 'ਚ।

ਹਰ ਇਕ ਮੁਸ਼ਕਲ ਦੇ ਪਰਬਤ ਨੂੰ ਇਹ ਹੱਸ ਕੇ ਪਾਰ ਕਰਦੀ ਹੈ,
ਹਰ ਇਕ ਤਸਵੀਰ ਦੇ ਰੰਗਾਂ 'ਚ ਸੋਹਣੇ ਰੰਗ ਭਰਦੀ ਹੈ।

ਓਹੀ ਮੱਥੇ ਦਾ ਸੂਰਜ ਹੈ ਓਹੀ ਅੰਬਰ ਉਡਾਰੀ ਹੈ,
ਓਹੀ ਹੈ ਸ਼ੌਕ ਦੀ ਗਰਮੀ ਓਹੀ ਚੜ੍ਹਦੀ ਖ਼ੁਮਾਰੀ ਹੈ।

ਓਹੀ ਪੈਰਾਂ 'ਚ ਚੱਕਰ ਹੈ ਓਹੀ ਆਵਾਰਗੀ ਦਿਲ ਦੀ,
ਓਹੀ ਰਸਤੇ ਦੀ ਮੁਸ਼ਕਿਲ ਹੈ ਓਹੀ ਹੈ ਖਿੱਚ ਮੰਜ਼ਿਲ ਦੀ।

ਜੁਆਨੀ ਸ਼ੌਕ ਦਾ ਚੜ੍ਹਦਾ ਝਨਾ ਹੈ ਸੋਚ ਕੇ ਚੱਲੋ,
ਜੁਆਨੀ ਆਪ ਖ਼ੁਦ ਅਪਣੀ ਸਜ਼ਾ ਹੈ ਸੋਚ ਕੇ ਚੱਲੋ।

ਇਹ ਵਗਦੇ ਪਿਆਰ ਦੀ ਗੰਗਾ ਹੁਣੇ ਹੀ ਅਰਸ਼ੋਂ ਉਤਾਰੀ ਹੈ,
ਸਮੇਂ ਦੇ ਨਾਲ ਤੁਰਦੀ ਹੈ ਜੁਆਨੀ ਉਡਣਹਾਰੀ ਹੈ।



Academy of the Punjab in North America: http://www.apnaorg.com

# ਦੂਰ ਦਿਲਾਂ ਦੀ ਮੰਜ਼ਿਲ ਵਲ ਨੂੰ

ਸਰਦੀ ਰੁੱਤੇ,
ਥਾਂ ਬਦਲੂ, ਨਿਤ ਉਡਣੇ ਪੰਛੀ,
ਗਰਮ ਹਵਾਵਾਂ ਦੇ ਦੇਸ਼ਾਂ ਵੱਲ,
ਉਡ ਜਾਂਦੇ ਨੇ ਛੱਡ ਵਤਨਾਂ ਨੂੰ।

ਓਦਰੇ ਓਦਰੇ ਫਿਰਨ ਗੁਆਚੇ,
ਰੁੱਤਾਂ ਨੇ ਤਾਂ ਬਦਲੀ ਜਾਣਾ,
ਕਿਹੜੀ ਸ਼ੈ ਠਹਿਰੀ ਦੁਨੀਆਂ ਤੇ।

ਰੁੱਤ ਬਦਲਣ ਤੇ,
ਮੀਤ ਦਿਲਾਂ ਦੇ,
ਪੌਣਾਂ ਹੱਥ ਸੁਨੇਹੇ ਭੇਜਣ,
ਦਰਿਆਵਾਂ ਦੇ ਦਿਲ ਪਿਘਲੇ ਹਨ,
ਪਰਤ ਆਈਆਂ ਨੇ ਮਸਤ ਬਹਾਰਾਂ,
ਉਡਨੇ ਪੰਛੀ ਕਿਉਂ ਨਹੀਂ ਪਰਤੇ।

ਗੀਤ ਦਿਲਾਂ ਦੇ ਸਿਸਕਣ ਲਗੇ,
ਮੁੜ ਵਤਨਾਂ ਦੀ ਯਾਦ ਦਿਲਾਵਣ,
ਅਣਡਿੱਠੇ ਸੋ ਦਰਦ ਜਗਾਵਣ।

ਪਿਆਰਾਂ ਭਿਜਾ ਗੀਤ ਦਿਲਾਂ ਦਾ,
ਜਲ ਥਲ ਹੋ ਗਈ ਸਾਰੀ ਮਹਿਫਲ।

ਗੀਤ ਦਿਲਾਂ ਦੇ ਨਾਜ਼ਕ ਜਜ਼ਬੇ,
ਉੱਚ ਹਿਮਾਲਾ ਲੰਘ ਆਉਂਦੇ ਹਨ,



Academy of the Punjab in North America: http://www.apnaorg.com

ਸਿੱਧੀ ਸੁਰੰਗ ਦਿਲਾਂ ਨੂੰ ਲਾਵਣ।
ਗੀਤਾਂ ਦੀ ਅਦਭੁਤ ਭਾਸ਼ਾ ਹੈ,
ਨਾ ਕੋਈ ਅੱਖਰ, ਨਾ ਕੋਈ ਸ਼ੈਲੀ,
ਅੱਤ ਕੋਮਲ ਜਹੇ ਨਾਜ਼ੁਕ ਜਜ਼ਬੇ,
ਅਣਡਿੱਠੇ ਹੀ ਬਹਿ ਤੁਰਦੇ ਨੇ।
ਦੂਰ ਦਿਲਾਂ ਦੀ ਮੰਜ਼ਿਲ ਵਲ ਨੂੰ,
ਦੂਰ ਦਿਲਾਂ ਦੀ ਮੰਜ਼ਿਲ ਵਲ ਨੂੰ



Academy of the Punjab in North America: http://www.apnaorg.com

# ਦੂਰ ਵਤਨ ਤੋਂ

ਦੂਰ ਦੁਰੇਡੜੇ ਹੈ ਦੇਸ ਮੁਹੱਬਤਾਂ ਦਾ, 'ਵਾਵਾਂ ਵਿਚ ਪਿਆਰ ਪਲੇ,
ਚਾਂਦੀ ਪੰਜਾਂ ਪਾਣੀਆਂ ਦੀ ਖਿਲਰੀ ਹੈ ਦੂਰ ਤਕ ਸੁਰਗਾਂ ਦਾ ਰੂਪ ਢਲੇ।

ਸਾਓਣ ਦੀ ਇਹ ਬੱਦਲੀ ਹੈ, ਧੁੱਪ ਤੱਤੀ ਜੇਠ ਦੀ, ਪੋਹਾਂ ਵਿਚ ਸੀਤ ਚੜ੍ਹੇ,
ਚੇਤਰ ਪਿਆਰ ਦਾ ਹੈ, ਫ਼ਗਣ ਕਰਾਰ ਦਾ ਹੈ, ਜਿੰਦ ਮਾਹੀ ਆਣ ਖੜ੍ਹੇ।

ਵਾਲ ਵਧਾਵੇ ਜਿੰਦ, ਚੌਂਕ ਗੁੰਦਾਵੇ ਕਿਤੇ, ਹੱਸ ਹੱਸ ਵਾਗ ਫੜੇ,
ਨਾਲ ਲੈ ਸਹੇਲੀਆਂ ਨੂੰ, ਪਿੱਛੇ ਲਗ ਭਾਬੀਆਂ ਦੇ, ਖੂਹਾਂ ਉਤੇ ਛਨਣੀ ਭਰੇ।

ਜ਼ੁਲਫਾਂ ਦੀ ਘੱਟ ਖੋਲ੍ਹੀ, ਰੂਪ ਦੀ ਮਸਾਲ ਕੋਈ, ਰਾਹਾਂ ਵਿਚ ਦੇਰ ਤੋਂ ਬਲੇ,
ਲਾਜ ਦੀ ਮਾਰੀ ਜਿੰਦ, ਹੱਥ ਲਾਏ ਮੈਲੀ ਹੋਵੇ, ਕੱਚ ਵਾਂਗ ਸੇਕ ਨਾ ਜਰੇ।

ਵੇਲਾ ਆਉਣ ਉਤੇ ਇਹੋ ਜਿੰਦੜੀ ਮਲੂਕ ਜਹੀ ਹੱਥ ਵਿਚ ਖੜਗ ਫੜੇ,
ਜਿੰਦੜੀ ਬਚਾਉਣ ਲਈ, ਅੱਖੀਆਂ 'ਚ ਰੋਹ ਭਰੀ, ਦੁਰਗਾ ਦਾ ਰੂਪ ਲੜੇ।

ਹੁੱਬ ਹੁੱਬ ਬੈਠੇ ਜਿੰਦ, ਡੁੱਬ ਡੁੱਬ ਜਾਏ ਕਦੀ, ਆਓਣ ਵਾਲੇ ਆਓਣਗੇ ਕਦੇ,
ਮਿਟੜੀ ਹੈ ਵਤਨਾਂ ਦੀ, ਵਤਨਾਂ ਤੋਂ ਦੂਰ ਕਿਤੇ, ਵਤਨਾਂ ਨੂੰ ਯਾਦ ਕਰੇ।



Academy of the Punjab in North America: http://www.apnaorg.com

# ਪਿਆਰ ਦੀਏ ਵਾਏ ਚਲ ਤੂੰ

ਨੋਟ :—ਮਿਥਿਹਾਸ ਅਸਲ ਵਿਚ ਇਤਿਹਾਸ ਦਾ ਇਕ ਰੂਪ ਹੈ। ਦੇਵ ਤੇ ਦਾਨਵ ਅਸਲ ਵਿਚ ਇਨਸਾਨੀ ਸਮਾਜ ਦੀਆਂ ਹੀ ਦੋ ਜਮਾਤਾਂ ਹਨ।

ਆਦਿ ਸਮੇਂ ਦੀ ਗੱਲ ਹੈ ਜਦ ਦੇਵ ਤੇ ਦਾਨਵ
ਸਭੇ ਇੱਕਠੇ ਹੋ ਗਏ ਸਨ ਵਿਚ ਖ਼ੁਦਾਈ,
ਰਿੜਕਣ ਲਗੇ ਸਾਗਰਾਂ ਨੂੰ ਪਾ ਮਦਾਣੀ
ਸ਼ੇਸ਼ ਦਾ ਨੇਤਰਾ ਪਾ ਲਿਆ ਸੀ ਹਰ ਇਕ ਪ੍ਰਾਣੀ।

(ਸਟੇਜ ਦੇ ਪਿੱਛੇ ਰਿੜਕਣ ਦੀ
ਆਵਾਜ਼ ਉਭਰਦੀ ਹੈ)

ਚੌਦਾਂ ਰਤਨ ਸੀ ਨਿਕਲੇ ਫਿਰ ਵਾਰੀ ਵਾਰੀ
ਸਾਗਰ ਸੀਨਾ ਚੀਰ ਕੇ ਇਕ ਨਿਕਲੀ ਨਾਰੀ
ਹੱਥ ਵਿਚ ਉਸਦੇ ਕਲਸ਼ ਸੀ ਇਕ ਵੱਡਾ ਭਾਰੀ।

ਸਟੇਜ ਉੱਤੇ ਰੌਸ਼ਨੀ

(ਦੇਵ ਤੇ ਦਾਨਵ ਕਲਸ਼ ਦੇ
ਗਿਰਦ ਨਾਚ ਕਰਦੇ ਹਨ।)

ਮਿਹਨਤ ਦਾ ਫਲ ਪਾ ਲਿਆ ਅਸੀਂ ਰਲਕੇ ਸਾਰੇ,
ਸਭ ਰਤਨਾਂ ਤੋਂ ਉੱਚ ਹੈ ਜੋ ਮੌਤ ਨੂੰ ਮਾਰੇ।
ਹੁਣ ਜਗ ਅੰਦਰ ਵਹਿਣਗੇ ਅੰਮ੍ਰਿਤ ਦੇ ਧਾਰੇ,
ਮੌਤ ਨੂੰ ਜਿੱਤਣ ਵਾਲੜੇ ਅਸੀਂ ਕਦੇ ਨਾ ਹਾਰੇ।

ਬੁੱਢਾ ਦਾਨਵ—

'ਮੌਤ ਦਾ ਮੂੰਹ ਬਿਕਰਾਲ ਹੈ, ਖੁਲ੍ਹਿਆ ਰਹੇ ਦਿਨ ਰਾਤ,
ਮੌਕਾ ਪਾ ਕੇ ਗ੍ਰਸ ਲਏ, ਓਸ ਲਗਾਈ ਘਾਤ



Academy of the Punjab in North America: http://www.apnaorg.com

ਬਾਜੀ ਸਭ ਤੋਂ ਜਿੱਤੀਏ ਮੌਤ ਤੋਂ ਪਾਈਏ ਮਾਤ,
ਮੌਤ ਦੀ ਅਲਖ ਮੁਕਾਵਣਾ ਅੰਮ੍ਰਿਤ ਦੀ ਕਰਾਮਾਤ ।

(ਮਸਤੀ ਅੰਦਰ ਨਚਦੇ ਹਨ)

(ਸਟੇਜ ਪਿੱਛੋਂ ਛਣ ਛਣਾ ਛਣ ਦੀ ਅਵਾਜ਼ ਆਉਂਦੀ ਹੈ ਸਭ ਧਿਆਨ ਨਾਲ ਸੁਣਦੇ ਹਨ ।)

(ਮੋਹਣੀ ਦਾ ਪ੍ਰਵੇਸ਼ ਉਸ ਕੋਲ ਵੀ ਪਹਿਲੇ ਵਰਗਾ ਕਲਸ਼)

ਦੇਵ : "ਲਟ ਲਟ ਬਲਦੀਆਂ ਅੱਖੀਆਂ ਤੇਰਾ ਰੂਪ ਸੁਹਾਵੇ,
ਜ਼ੁਲਫਾਂ ਤੇਰੀਆਂ ਗੋਰੀਏ ਜਿਉਂ ਬੱਦਲ ਕਾਲੇ ।
ਦਾਨਵ : ਮੁਖੜਾ ਤੇਰਾ ਚਮਕਦਾ ਜਿਉਂ ਸੂਰਜ ਚਮਕੇ,
ਦੇਹ ਤੇਰੀ ਹੈ ਦਮਕਦੀ ਜਿਉਂ ਚੰਦਾ ਦਮਕੇ ।
ਦੇਵ : ਪੈਰੀਂ ਤੇਰੇ ਝਾਂਜਰਾਂ ਸੰਸਾਰ ਭੁਲਾਵਣ,
ਬੁਲ੍ਹੀਂ ਹਾਸੇ ਨੱਚਦੇ ਜੋ ਸਦਾ ਬੁਲਾਵਣ ।
ਦਾਨਵ : ਅਪਸਰਾ ਹੈਂ ਗੰਧਰਵ ਹੈਂ ਯਾ ਅਸੁਰ ਬਾਲਾ,
ਨੈਣੀ ਤੇਰੇ ਗੋਰੀਏ ਖੁਲ੍ਹੀ ਮਦੀਰਾਲਾ ।
ਦੇਵ : ਕਲਸ਼ ਤੇਰੇ ਵਿਚ ਗੋਰੀਏ ਕੀ ਸ਼ੈ ਨਸ਼ਿਆਈ,
ਚਾਰ ਚੁਫੇਰੇ ਉੱਡਦੀ ਸੁਗੰਧੀ ਆਈ ।

ਮੋਹਣੀ—

ਅੰਮ੍ਰਿਤ ਦੀ ਇਹ ਭੈਣ ਹੈ
ਮਦਿਰਾ ਅੰਮ੍ਰਿਤ ਹੈ ਨਾਮ
ਰੱਤ ਨੂੰ ਇਹ ਗਰਮਾਂਵਦੀ,
ਸੁਰਗ ਹੈ ਇਸ ਦਾ ਧਾਮ ।



Academy of the Punjab in North America: http://www.apnaorg.com

ਦੁੱਖ ਤੋਂ ਜਿੰਦ ਛੁੜਾਂਵਦੀ,
ਮਸਤ ਹੈ ਇਸ ਦਾ ਜਾਮ।
ਸੋਮ ਰਸ ਕੋਈ ਆਖਦਾ,
ਸੁਰਾ ਹੈ ਇਸ ਦਾ ਨਾਮ,
ਸੁੱਤੜੇ ਗੀਤ ਜਗਾਂਵਦੀ,
ਪਿਆਰਾਂ ਦਾ ਪੈਗਾਮ।

(ਮੋਹਣੀ ਸ਼ਰਾਬ ਵੰਡਦੀ ਹੈ—ਦਾਨਵ ਮਸਤ ਹੋਏ ਜਾਂਦੇ ਹਨ)

ਦਾਨਵ : ਲੱਮ ਸਲੱਮੇ ਗਭਰੂ ਅਸੀਂ ਛੈਲ ਛਬੀਲੇ
ਸਾਗਰ ਵੀ ਇਕ ਘੁਟ ਹੈ ਜੇਕਰ ਕਰੀਏ ਹੀਲੇ।
ਪਲ ਛਿਣ ਅੰਦਰ ਲੰਘਦੇ ਪਰਬਤ ਬਰਫ਼ੀਲੇ,
ਅੰਬਰ ਗੂੰਜਾਂ ਪੈਂਦੀਆਂ ਸੁਣ ਗੀਤ ਰਸੀਲੇ।

(ਦਾਨਵਾਂ ਨੂੰ ਮਸਤੀ 'ਚ ਦੇਖ ਕੇ ਮੋਹਣੀ ਕਲਸ਼ ਬਦਲ ਲੈਂਦੀ ਹੈ ਰਾਹੂ ਇਹ ਗੱਲ ਦੇਖ ਲੈਂਦਾ ਹੈ ਅਤੇ ਦੇਵਤਿਆਂ ਦੀ ਕਤਾਰ 'ਚ ਸ਼ਾਮਲ ਹੋ ਜਾਂਦਾ ਹੈ। ਮੋਹਣੀ ਅੰਮ੍ਰਿਤ ਵੰਡਦੀ ਹੈ।)

ਬੁਢਾ ਦਾਨਵ—

ਬਿਰਧ ਅਵਸਥਾ ਮੌਤ ਹੈ ਦੁੱਖਾਂ ਦੀ ਭਰਮਾਰ,
ਸੁਘੜ ਸੁਆਣੀ ਮੌਤ ਦੀ ਸਾਫ਼ ਕਰੇ ਘਰ-ਬਾਰ।
ਪੱਤੇ ਮਰਦੇ ਜੱਗ ਤੇ ਆਉਂਦੀ ਫੇਰ ਬਹਾਰ,
ਪਾਣੀ ਸਾਗਰੋਂ ਉਠਦਾ ਗਿਰਦੀ ਫੇਰ ਫੁਹਾਰ।
ਕਈ ਰੂਪ ਜਹਾਨ ਦੇ ਨਿੱਤ ਬਦਲੇ ਸੰਸਾਰ,
ਜੀਵਨ ਤਦਈ ਅਮੁਲੜਾ ਜੋ ਜੀਵਨ ਹੈ ਦਿਨ ਚਾਰ।

(ਚੰਨ ਸੂਰਜ ਮੋਹਣੀ ਨੂੰ ਦਸਦੇ ਹਨ ਕਿ ਰਾਹੂ ਦਾਨਵ ਹੈ, ਸ਼ੋਰ ਮੱਚ ਜਾਂਦਾ ਹੈ। ਰਾਹੂ ਅੰਮ੍ਰਿਤ ਪੀ ਚੁਕਾ ਹੈ। ਸਟੇਜ ਤੇ ਹੰਗਾਮਾ, ਹਨ੍ਹੇਰਾ, ਬਿਜਲੀ ਚਮਕਦੀ ਹੈ)



Academy of the Punjab in North America: http://www.apnaorg.com

(ਦਾਨਵ ਬੰਦੀ ਬਣਾਏ ਜਾ ਚੁਕੇ ਹਨ ਦੇਵਤੇ ਉਹਨਾਂ ਤੇ ਭਾਰੂ ਹੋ ਚੁਕੇ ਹਨ, ਰਾਹੂ ਦਾ ਸਿਰ ਧੜ ਸਟੇਜ ਤੇ ਪਏ ਹਨ।)

(ਮੋਹਣੀ ਸਟੇਜ ਤੋਂ ਜਾ ਚੁਕੀ ਹੈ ਦੇਵਤੇ
ਭਗਵਾਨ ਦੀ ਉਸਤਤ ਕਰਦੇ ਹਨ।)

'ਭਗਵਾਨ ਤੇਰਾ ਜਗ ਤੇ ਪਾਇਆ ਨਾ ਪਾਰਾਵਾਰ,
ਜਿੱਤ ਵੀ ਤੇਰੇ ਹੱਥ ਹੈ ਤੇਰੇ ਹੱਥ ਹੈ ਹਾਰ।
ਇਕਨਾਂ ਸੁਰਗ 'ਚ ਵਾਸ ਹੈ ਦੂਜੇ ਕਰਨ ਪੁਕਾਰ,
ਸਭ ਕੋਈ ਭੁਲਣਹਾਰ ਹੈ ਜੋ ਕਰਦਾ ਕਰਤਾਰ।

ਬੁਢਾ ਦਾਨਵ—

'ਐਪਰ ਹੋਣੀ ਛੱਡਦੀ ਹੈ ਤੀਰ ਜ਼ਹਿਰੀਲੇ,
ਨਾਗ ਹੋਣੀ ਦੇ ਡੱਸਦੇ ਇਹ ਜਾਣ ਨਾ ਕੀਲੇ।
ਕਿੰਨੇ ਵੱਡੇ ਸੂਰਮੇ ਜੋ ਸਨ ਅਣਖੀਲੇ,
ਮੌਤ ਨੇ ਆਣ ਦਬੋਚਣੇ ਹੁਣ ਕਿਸੇ ਵੀ ਹੀਲੇ।

ਰਾਹੂ ਦਾ ਸਿਰ ਸਟੇਜ ਤੋਂ ਉਠਣ ਲਗਦਾ ਹੈ। ਦੇਵ ਤੇ ਦਾਨਵ ਦੋਵੇਂ ਹੈਰਾਨ ਹੋ ਜਾਂਦੇ ਹਨ। ਦੇਵਤੇ ਰਾਹੂ ਨੂੰ ਮਾਰਨ ਦੌੜਦੇ ਹਨ, ਸ਼ੋਰ ਮੱਚ ਜਾਂਦਾ ਹੈ, ਚੋਰ ਚੋਰ ਚੋਰ, ਮਾਰੋ ਮਾਰੋ ਮਾਰੋ ਰਾਹੂ ਦਾ ਸਿਰ ਹੱਸਦਾ ਹੈ।

ਰਾਹੂ—

ਅੰਮ੍ਰਿਤ ਚੋਰੀ ਮੈਂ ਫੜੀ ਆਪ ਈ ਚੋਰ ਕਹਾਵਾਂ,
ਮੋਹਣੀ ਜਾਦੂ ਰੂਪ ਹੈ ਦੁਨੀਆਂ ਨੂੰ ਦਰਸਾਵਾਂ।
ਇਕੋ ਸੱਚ ਦਰਸਾਣ ਲਈ ਜ਼ੋਰ ਮੈਂ ਲਾਵਾਂ ਪੂੱਜ,
ਅੰਮ੍ਰਿਤ ਕਢਿਆ ਸਾਰਿਆਂ ਪੀ ਜਾਂਦੇ ਨੇ ਕੁੱਝ।



Academy of the Punjab in North America: http://www.apnaorg.com

ਦੇਵਤੇ ਫੇਰ ਮਾਰਨ ਦੌੜਦੇ ਹਨ
ਰਾਹੂ ਹੱਸਦਾ ਹੈ
ਦੇਵਤੇ ਦਾਨਵਾਂ ਨੂੰ ਘੜੀਸ ਕੇ ਲੈ ਜਾਂਦੇ ਹਨ
ਰਾਹੂ—
ਹਰ ਯੁਗ ਅੰਮ੍ਰਿਤ ਨਿਕਲੇ
ਕਢਦਾ ਕੁਲ ਜਹਾਨ।
ਹਰ ਯੁਗ ਅੰਦਰ ਪੀ ਗਏ,
ਚਾਤੁਰ ਚਤੁਰ ਮਹਾਨ
ਹਰ ਯੁਗ ਧੋਖਾ ਖਾ ਗਏ,
ਦੁਨੀਆਂ ਦੇ ਅਨਜਾਣ।
ਭੁੱਖੀਆਂ ਰੂਹਾਂ ਤੱਕੀਆਂ,
ਜੀਵਨ ਦੇ ਸ਼ਮਸ਼ਾਨ।
ਪਿਆਰ ਦੀਏ ਵਾਏ ਚੱਲ ਤੂੰ,
ਜੀਵਨ ਨਰਕ ਸਮਾਨ।
(ਭੁੱਖੇ ਦਾਨਵ ਝੋਲਾ ਚੁਕੀ ਸਟੇਜ ਉਤੋਂ ਲੰਘ ਰਹੇ ਹਨ)
ਸੁਣਿਆ ਸੀ ਪਰ ਤਕਿਆ ਅੱਜ ਹੈ
ਸੁਖ ਦੇ ਸੋਹਣੇ ਸੁਰਗ ਦੇ ਅੰਦਰ
ਲੱਖ ਕਰੋੜਾਂ, ਕੱਟੇ ਵੱਢੇ ਅੰਗਾਂ ਦੇ ਢੇਰਾਂ ਤੇ ਬੈਠੇ
ਜੱਗਾਂ ਅੰਦਰ ਮੋਏ ਜੋਧੇ
ਬੀਰ-ਗਤੀ ਨੂੰ ਮਾਣ ਰਹੇ ਹਨ।
ਰੱਬ ਦੇ ਰੂਪ
ਧਰਮ ਦੇ ਰਾਜੇ
ਸੱਚ ਦੇ ਰਾਖੇ



Academy of the Punjab in North America: http://www.apnaorg.com

ਮਹਾਂ ਪੁਰਖ ਤੇ ਬ੍ਰਹਮ ਗਿਆਨੀ
ਜੱਗ ਵਿਚ ਕੀਤੇ ਪੁਨ ਕਰਮਾਂ ਦਾ
ਅਪਣਾ ਕੀਤਾ
ਅੱਗੇ ਆਇਆ
ਭਗਤੀ ਦਾ ਫਲ ਭੋਗ ਰਹੇ ਹਨ ।
ਏਸ ਹੀ ਸੁਰਗ ਦੇ ਚਾਰੇ ਪਾਸੇ
ਦਿਸ ਹੱਦੋ ਤਕ
ਨਰਕ ਦੀ ਅੱਗ ਹੈ
ਜਿਸ ਦੇ ਅੰਦਰ
ਮਿਹਨਤ ਸੜਦੀ
ਸੱਚ ਦੇ ਭਾਂਬੜ
ਕਹਿਰ ਦਾ ਗੁੱਸਾ
ਲੱਖ ਕਰੋੜਾਂ ਬਾਹਾਂ ਦਾ ਬਲ
ਸੁਰਗ ਦੇ ਬੂਹੇ ਤੋੜ ਰਿਹਾ ਹੈ ।



Academy of the Punjab in North America: http://www.apnaorg.com

# ਚਾਬੁਕ

ਲਹੂ ਡੁਬਾ, ਨੰਗਾ ਚਾਬੁਕ
ਰੱਤ ਭਿੱਜੀ ਬੋਲੀ ਇਸਦੀ
ਮੰਗਦਾ ਇਨਸਾਨ ਤੋਂ
ਤੂੰ ਕੰਮ ਕਰ, ਤੂੰ ਕੰਮ ਕਰ।
'ਕਰਮ ਤੇਰਾ ਧਰਮ ਹੈ ਤੇ ਫਲ ਦੀ ਇੱਛਾ ਪਾਪ ਹੈ'

ਖੋਹ ਕੇ ਚਾਬੁਕ ਰੱਤ ਭਿੱਜਾ
ਟੋਟੇ ਕਰਕੇ ਚਾਰ ਇਸਦੇ
ਪਹਿਲਾ ਬਾਗ਼ੀ ਬੋਲਿਆ
'ਕਰਮ ਮੇਰਾ ਫਲ ਕਿਸੇ ਦਾ ਕਿਥੋਂ ਦਾ, ਇਨਸਾਫ ਹੈ'
"ਹੁਕਮ ਧੁਰ ਦਰਗਾਹ ਦਾ ਹੈ
ਧਰਮ ਦਾ ਆਦੇਸ਼ ਹੈ।
ਆਪ ਖਾ ਤੇ ਸੇਵਾ ਕਰ,
ਸੇਵਾ ਹੀ ਤੇਰਾ ਧਰਮ ਹੈ।
ਸੇਵਾ ਦਾ ਮੇਵਾ ਵੀ ਮਿਲੂ,
ਏਥੇ ਨਹੀਂ, ਦਰਗਾਹ ਵਿਚ"
ਚਾਬੁਕ ਤੇ ਸੋਨਾ ਮੜ੍ਹ ਲਿਆ
ਲਾਸਾਂ ਤੇ ਮਲ੍ਹਮ ਲਾ ਲਈ
ਸਦੀਆਂ ਲਈ ਇਨਸਾਨ ਫਿਰ ਮਿੱਟੀ 'ਚ ਮਿੱਟੀ ਹੋ ਗਿਆ
ਵਤਨਾਂ ਦੀ ਮਿੱਟੀ ਜਾਗ ਪਈ
ਤਲਵਾਰ ਧੂਹ ਕੇ ਪੁਛਦੀ,
"ਸੇਵਾ ਜੇ ਏਥੇ ਮੈਂ ਕਰਾਂ ਮੇਵਾ ਮਿਲੇ ਦਰਗਾਹੇ ਕਿਉਂ?"



Academy of the Punjab in North America: http://www.apnaorg.com

"ਤੂੰ ਆਪ ਕਰ ਤੇ ਆਪ ਖਾ
ਤੂੰ ਰੱਜ ਖਾ ਤੇ ਦੱਬ ਵਾਹ
ਇਹ ਕੰਮ ਤੇਰਾ ਹੀ ਕੰਮ ਹੈ
ਕੰਮਾਂ 'ਚ ਬਰਕਤ ਵੀ ਬੜੀ
ਤੂੰ ਕਜ ਲੈ ਹੁਣ ਪਿਛੇ ਨੂੰ
ਲਾਸਾਂ ਦੀ ਦੁਨੀਆਂ ਮੁਕ ਗਈ
ਜੇ ਜੀ ਕਰੇ ਤਾਂ ਕੰਮ ਕਰ
ਜੀ ਨਾ ਕਰੇ ਤਾਂ ਮੌਜ ਕਰ"
ਲਫਜ਼ਾਂ ਲਪੇਟੀ ਜ਼ਹਿਰ ਇਹ
ਇਨਸਾਨ ਮੁੜਕੇ ਖਾ ਗਿਆ।
ਲਾਸਾਂ ਦੀ ਚਸਕ ਨਾ ਮਿਟ ਸਕੀ
ਇਨਸਾਨ ਸੋਚੀਂ ਪੈ ਗਿਆ
ਹੁਣ ਲਾਸ ਕਾਹਨੂੰ ਚਸਕਦੀ ?
ਇਨਸਾਨ ਨੇ ਮੁੜ ਤਕਿਆ
ਲਫਜ਼ਾਂ ਦੇ ਪੜਦੇ ਫਾੜ ਕੇ,
ਰਾਵਣ ਦਾ ਮੂੰਹ ਤੇ ਮੂੰਹ ਪਾਪੀ ਕੰਸ ਦਾ
ਔਰੰਗਜ਼ੇਬੀ ਸ਼ਾਨ ਦਾ
ਨਾਦਰ ਦੇ ਕਤਲੇ ਆਮ ਦਾ
ਡਾਇਰ ਦੇ ਅੰਨ੍ਹੇ ਜ਼ੁਲਮ ਦਾ।



Academy of the Punjab in North America: http://www.apnaorg.com

ਇਨਸਾਨ ਨੇ ਮੁੜ ਤਕਿਆਂ
ਫਿਰ ਲਹੂ ਡੁੱਬਾ, ਨੰਗਾ ਚਾਬੁਕ
ਰੱਤ ਭਿਜੀ ਬੋਲੀ ਇਸਦੀ
ਮੰਗਦਾ ਇਨਸਾਨ ਤੋਂ
"ਤੂੰ ਕੰਮ ਕਰ, ਤੂੰ ਕੰਮ ਕਰ"
ਇਨਸਾਨ ਬਾਗ਼ੀ ਹੋ ਗਿਆ
"ਕੰਮ ਮੇਰਾ ਹੀ ਕੰਮ ਹੈ
ਇਸ ਨੂੰ ਕਰਾਂਗਾ ਜਾਨ ਲਾ,
ਚਾਬੁਕ ਤੇ ਧਰਮਾਂ ਵਾਲਿਓ
ਤੁਹਾਡਾ ਵੀ ਕੋਈ ਕੰਮ ਹੈ ?"



Academy of the Punjab in North America: http://www.apnaorg.com

# ਕਦੋਂ ਤੋਰ ਕਿਰਨਾਂ ਨੇ ਛੱਡੀ ਹੈ ਤਿੱਖੀ

ਜਦੋਂ ਹਾਰ ਜਿੰਦੜੀ ਦੇ ਪੈ ਜਾਏ ਪਿੱਛੇ
ਜਦੋਂ ਨਾ-ਉਮੀਦੀ ਪਿਛਾਹਾਂ ਨੂੰ ਖਿੱਚੇ,
ਜਦੋਂ ਰਾਤ ਕਾਲੀ 'ਚ ਤਾਰਾ ਨਾ ਦਿੱਸੇ
ਦਿਲਾਂ ਵਾਲਿਆਂ ਨੇ ਜ਼ਫ਼ਰ ਨਾਮੇ ਲਿੱਖੇ।

ਜਦੋਂ ਜਿੰਦ ਮਾਰੂ ਥਲਾਂ ਵਿਚੋਂ ਲੰਘਦੀ
ਕਦੀ ਪ੍ਰੀਤ ਸੁੱਚੀ ਨਾ ਛਾਵਾਂ ਨੂੰ ਮੰਗਦੀ,
ਜਦੋਂ ਜਿੰਦ ਹੰਝੂ ਤੇ ਦੁਖੜੇ ਹੈ ਵੰਡਦੀ
ਸਦਾ ਆਸ ਚੜ੍ਹਦੀ ਹੈ ਸੂਰਜ ਦੇ ਰੰਗ ਦੀ।

ਜਦੋਂ ਜਿੰਦ, 'ਕੱਲੀ ਉਦਾਸੀ ਨਿਰਾਸੀ
ਜਦੋਂ ਰੂਹ ਪਿਆਰਾਂ ਦੀ ਉਮਰਾਂ ਤੋਂ ਪਿਆਸੀ
ਗ਼ਮਾਂ ਘੇਰ ਲਈ ਇਹਨਾਂ ਪਾਏ ਖ਼ਲਾਸੀ
ਸੰਦੇਸਾਂ ਲਈ ਆਪ ਆਈ ਹੱਯਾਤੀ।

ਕਦੋਂ ਬੂੰਦ ਮਰਨੇ ਤੋਂ ਡਰਨਾ ਹੈ ਸਿੱਖੀ
ਕਦੋਂ ਤੋਰ ਕਿਰਨਾਂ ਨੇ ਛੱਡੀ ਹੈ ਤਿੱਖੀ,
ਸਦਾ ਜ਼ੋਰ ਜ਼ੁਲਮਾਂ ਨੇ ਤਲਵਾਰ ਖਿੱਚੀ
ਸਦਾ ਜ਼ੋਰ ਜ਼ੁਲਮਾਂ ਨੇ ਰਲ ਜਾਣਾ ਮਿੱਟੀ।



Academy of the Punjab in North America: http://www.apnaorg.com

# ਅਗਨ ਰੇਖ

ਕਦੀ ਹਰਫ਼ ਗੀਤਾਂ ਦੇ ਬੋਲਾਂ 'ਚ ਛੁਮਕਣ
ਕਦੀ ਬਿਜਲੀ ਵਾਂਗੂੰ ਇਹ ਲਿਸ਼ਕਨ ਤੇ ਕੜਕਣ,
ਕਦੀ ਅਰਥ ਹਰਫ਼ਾ ਦੇ ਸੀਨੇ ਚ ਤੜਪਣ
ਛੁਪੀ ਹਰਫ਼ਾ ਅੰਦਰ ਜ਼ਮਾਨੇ ਦੀ ਧੜਕਣ।

ਅਗਨ ਰੇਖ ਐਪਰ ਜ਼ਮਾਨੇ ਨੂੰ ਵੰਡਦੀ,
ਇਹ ਭੁੱਖਾਂ ਤੇ ਰੋਟੀ ਦੇ ਵਿਚੋਂ ਦੀ ਲੰਘਦੀ
ਮਿਟਾਏ ਨਾ ਮਿਟਦੀ, ਬਣਾਏ ਨਾ ਬਣਦੀ
ਅਗਨ ਰੇਖ ਨਫ਼ਰਤ ਦੀ ਸੂਲੀ ਤੇ ਭੰਮਦੀ।

ਅਗਨ ਰੇਖ ਨੇ ਛੋਹ ਲਏ ਹਰਫ਼ ਮੇਰੇ
ਅਗਨ ਰੇਖ ਬਖ਼ਸ਼ੇ ਇਹ ਉਮਰਾਂ ਦੇ ਜੇਰੇ,,
ਇਹ ਅੰਬਰ ਉਡਾਰੀ ਇਹ ਸਾਗਰ ਦੇ ਘੇਰੇ
ਇਹ ਆਸ਼ਾ ਨਿਰਾਸ਼ਾ ਦੇ ਰੌਸ਼ਨ ਹਨੇਰੇ।

ਇਹ ਮੰਜ਼ਿਲ ਦੀ ਚਾਹਤ, ਇਹ ਚਾਹਤ ਹੈ ਸੁੱਖ ਦੀ
ਇਹ ਮਿਹਨਤ ਦਾ ਮੁੜ੍ਹਕਾ, ਇਹ ਰਖਿਅਕ ਹੈ ਕੁੱਖ ਦੀ
ਇਹ ਬੁੱਧ ਦਾ ਹੈ ਹੌਕਾ, ਮੁਹੱਬਤ ਯਸੂ ਦੀ
ਇਹ ਤਲਵਾਰ ਸੁੱਚੀ ਹੈ ਦਸਵੇਂ ਗੁਰੂ ਦੀ।

ਅਗਨ ਰੇਖ ਦੇ ਕਿਹੜੇ ਪਾਸੇ ਤੁਸੀਂ ਹੋ
ਮੁਹੱਬਤ ਦੇ ਪਾਸੇ ਯਾ ਸੂਲੀ ਦੇ ਪਾਸੇ ?



Academy of the Punjab in North America: http://www.apnaorg.com

# ਚਾਨਣ ਦੀ ਤਲਵਾਰ
## (ਕਾਰਲ ਮਾਰਕਸ ਨੂੰ ਸਮਰਪਤ)

ਸਮਿਆਂ ਨੂੰ ਰੁਸ਼ਨਾਵਣ ਵਾਲਾ
ਸਮੇਂ ਦੇ ਵਹਿੰਦੇ ਧਾਰੇ ਜਿਸ ਨੇ
ਭੂਤ ਭਵਿੱਖ ਦੇ ਸੰਗਮ ਉੱਤੇ
ਕਾਬੂ ਕਰ ਬਿਜਲੀ ਉਪਜਾਈ ।

ਜਗ ਮਗ ਸੋਚ ਦੀ ਚੰਚਲ ਬਿਜਲੀ
ਜੋ ਸਮਿਆਂ ਦਾ ਨ੍ਹੇਰਾ ਚੀਰੇ,
ਜੋ ਸਮਿਆਂ ਨੂੰ ਰਾਹ ਦਰਸਾਏ ।

ਏਸ ਸਮੇਂ ਦੇ ਜਾਲ ਦੇ ਅੰਦਰ
ਅਰਬਾਂ ਖਰਬਾਂ ਮਿਹਨਤੀ ਬੰਦੇ
ਜਿਊਂਦੇ ਜੀ ਕਠਪੁਤਲੀ ਵਾਂਗੂੰ
ਨਾਚ ਸਮੇਂ ਦਾ ਨੱਚ ਰਹੇ ਸਨ ।

ਏਸ ਜਾਲ 'ਚ ਫਸ ਕੇ ਮਾਨਵ,
ਦੁੱਖਾਂ ਦੀ ਇਕ ਆਹ ਬਣ ਗਿਆ,
ਆਹ ਖਿੱਚੇ ਤਾਂ ਕਲਸ ਸੀ ਬਣਦਾ,
ਆਹ ਘੁੱਟੇ ਤਾਂ ਮਸਜਿਦ ਬਣਦੀ ।

ਯੁੱਗ ਯੁੱਗ ਤੋਂ ਇਨਸਾਨ ਭਟਕਦਾ
ਇਕ ਮਸੀਹਾ ਲੱਭ ਰਿਹਾ ਸੀ,
ਘੁੱਪ ਹਨੇਰੀ ਵਲਗਣ ਅੰਦਰ
ਲੱਖ ਮਸੀਹ ਸੂਲੀ ਤੇ ਮੋਏ,
ਸੱਚ ਦਾ ਸੂਰਜ ਚੜ੍ਹ ਨਾ ਸਕਿਆ ।



Academy of the Punjab in North America: http://www.apnaorg.com

ਸੱਚ ਦਾ ਸੂਰਜ
ਜਦ ਚੜ੍ਹਿਆ ਤਾਂ ਚਾਨਣ ਹੋਇਆ
"ਤੂੰ ਹੀ ਆਪ ਮਸੀਹਾ ਅਪਣਾ
ਤੂੰ ਹੀ ਬੰਧਨ ਤੋੜਨ ਵਾਲਾ,
ਤੇਰੇ ਹੱਥ ਕਮਾਨ ਹੈ ਤੇਰੀ
ਤੂੰ ਹੀ ਗੁਰੂ ਹੈਂ ਤੂੰ ਹੀ ਚੇਲਾ,
ਤੂੰ ਸਿਰਜਤ ਤੂੰ ਸਿਰਜਣਹਾਰਾ।"

ਚਾਨਣ ਪੁਰਖ
ਇਹ ਸੱਚ ਦਾ ਸੂਰਜ
ਘੁੱਪ ਹਨੇਰੀ ਵਲਗਣ ਅੰਦਰ
ਕੈਦੀ ਹੋਏ ਮਾਨਵ ਦੇ ਲਈ
ਆਪਣੇ ਪਿੱਛੇ ਛੱਡ ਗਿਆ ਹੈ
ਚਾਨਣ ਦੀ ਤਲਵਾਰ ਇਹ ਸੁੱਚੀ
ਜੋ ਸਮਿਆਂ ਦਾ ਬੰਧਨ ਕਟੇ,
ਜੋ ਮਾਨਵ ਨੂੰ ਮੁਕਤ ਕਰਾਏ।



Academy of the Punjab in North America: http://www.apnaorg.com

# ਸੋਵੀਅਤ ਰੂਸ

ਬਿਰਧ ਸਮੇਂ ਦਾ ਪੁਤ ਨਰੋਇਆ
ਅਕਤੂਬਰ-ਕ੍ਰਾਂਤੀ ਦਾ ਬੇਟਾ,
ਬਿਜਲੀਆਂ ਦੀ ਤਲਵਾਰ ਦੇ ਥੱਲੇ
ਨ੍ਹੇਰੀਆਂ ਝੱਖੜਾਂ ਦੇ ਵਿਚ ਪਲ ਕੇ
ਵਰ੍ਹਿਆਂ ਵਿਚ ਹੀ ਗੱਭਰੂ ਹੋਇਆ ।

ਅਪਣੇ ਤਨ ਦੀ ਰੱਤ ਪਿਲਾ ਕੇ
ਮੱਤ ਸਮੁੰਦਰ ਪਾਰ ਕਢੇ ਇਹ
ਚਾਨਣ-ਬਿਰਛ ਨੂੰ ਪਾਣੀ ਲਾਵੇ
ਸਹਿਰਾਵਾਂ ਵਿਚ ਫੁੱਲ ਖਿੜਾਵੇ
ਬਾਗ ਦੇ ਹਰ ਇਕ ਫੁੱਲ ਦੇ ਵਿਚੋਂ
ਇਸ ਦੇ ਪਿਆਰ ਦੀ ਖੁਸ਼ਬੂ ਆਵੇ ।

ਵੀਅਤਨਾਮ ਦੇ ਸੂਰਮਿਆਂ ਲਈ
ਨਿੱਤ ਨਵੀਆਂ ਤਲਵਾਰਾਂ ਢਾਲੇ,
ਮਿੱਤਰਾਂ ਲਈ ਇਹ ਫੁੱਲ ਗੁਲਾਬੀ,
ਵਗਦੇ ਡਾਨ ਦੀ ਚੰਚਲ ਧਾਰਾ,
ਪੰਜ ਕੋਨਾ ਇਕ ਸੁਰਖ਼ ਸਿਤਾਰਾ,
ਸ਼ੁੱਕਰ ਤਾਰੇ ਦਾ ਹਮਸਾਇਆ,
ਪਥ-ਪਰਦਰਸ਼ਕ ਦੁਨੀਆਂ ਭਰ ਦਾ
ਮਾਨਵਤਾ ਦਾ ਸੁੱਖ-ਸੁਪਨਾ ਹੈ ।



Academy of the Punjab in North America: http://www.apnaorg.com

# ਦੋ ਦੁਨੀਆਵਾਂ

## (ਹਿਪੀ ਲਹਿਰ ਤੇ)

ਇਕ ਮਾਨਵ ਦੀਆਂ ਦੋ ਦੁਨੀਆਵਾਂ
ਇਕ ਦੁਨੀਆਂ—
ਜੋ ਭੁੱਖ ਦੁੱਖ ਦਿਆਂ ਨਰਕਾਂ ਅੰਦਰ,
ਮਰ ਮਰ ਕੇ ਵੀ ਜੀਣਾ ਚਾਹੇ ।
ਦੂਜੀ ਦੁਨੀਆਂ ਇਸ ਦੁਨੀਆਂ ਵਿਚ,
ਵਸਦੀ ਰਸਦੀ ਮੌਤ ਧਿਆਵੇ ।
ਇਕ ਗੁਫ਼ਾ ਤੋਂ ਅਰਸ਼ ਨੂੰ ਉਠੇ
ਦੂਜੀ ਫੇਰ ਗੁਫਾ ਵਿਚ ਡਿੱਗੇ
ਲੰਬੇ ਵਾਲ, ਤੇ ਮੈਲੇ ਪਿੰਡੇ
ਲਿੰਗ-ਮੇਲ ਦੀ ਪਸ਼ੂ-ਅਜ਼ਾਦੀ
ਗੁਫ਼ਾ-ਪੁਰਖ ਦੀ ਦੁਨੀਆਂ ਲੱਭੇ ।
ਲੋਹ ਸਮਿੰਟ ਦਿਆਂ ਕਿਲ੍ਹਿਆਂ ਦੇ ਵਿਚ
ਸੁਰਗ ਦੇ ਵਿਹਲ ਤੋਂ ਅੱਕੀ ਹੋਈ,
ਮਾਨਵ ਦੀ ਰੂਹ ਅੱਤ ਨਿਰਾਸੀ
ਜੰਗਲਾਂ ਵਲ ਨੂੰ ਪਰਤਣਾ ਚਾਹੇ ।
ਚੰਨ ਜਿੱਤਣ ਦੇ ਚਾਨਣ-ਯੁਗ ਵਿਚ
ਨ੍ਹੇਰ-ਕਾਲ ਤੇ ਪੱਥਰ-ਯੁਗ ਦਾ
ਨੰਗਾ ਮਾਨਵ
ਨਸ਼ਿਆਂ ਅੰਦਰ ਗੁੰਮ ਗੁਆਚਾ,
ਲਖ ਵਰ੍ਹਿਆਂ ਦੀ ਉਨਤੀ ਉਤੇ ਹੱਸ ਰਿਹਾ ਹੈ ।
ਇਸ ਵੇਲੇ ਹੀ ਦੂਜੀ ਦੁਨੀਆਂ
ਅੰਬਰ ਅੰਬਰ ਤਾਰਿਆਂ ਦੇ ਰਾਹ ਕਢ ਰਹੀ ਹੈ ।



Academy of the Punjab in North America: http://www.apnaorg.com

# ਅਣੂਆਂ ਵਿਚ ਇਕ ਅਣੂ ਇਕੱਲਾ

ਇਕ ਨਿੱਕਾ ਜਿਹਾ ਬਾਲ ਅਯਾਨਾ
ਸੋਨ-ਚਿੜੀ ਲਈ ਹਉਕੇ ਭਰਦਾ ।
ਬਦਲਾਂ ਦੇ ਘੋੜੇ ਤੇ ਚੜ੍ਹਦਾ
ਕਿਰਨਾਂ ਦਾ ਹੱਥ ਚਾਬੁਕ ਫੜਦਾ
ਸੱਤ ਰੰਗੀਆਂ ਪੀਂਘਾਂ ਦੇ ਪਿੱਛੇ
ਧੁਰ ਸਮਿਆਂ ਤੋਂ ਐਵੇਂ ਨੱਸੇ ।

ਸੁਪਨੇ ਐਪਰ ਹੱਥ ਨਾ ਆਵਣ
ਹੱਥ ਲਾਉਂਦੇ ਹੀ ਟੁੱਟ ਫੁੱਟ ਜਾਵਣ
ਸਮੇਂ ਦੇ ਜ਼ਾਲਮ ਰੱਥ ਨੂੰ ਖਿੱਚਦੇ
ਲਖ ਕਰੋੜਾਂ ਪੈਰਾਂ ਥੱਲੇ
ਧੂੜ ਦੇ ਇਕ ਕਿਣਕੇ ਦੇ ਵਾਂਗੂੰ
ਰਾਤ ਦਿਨੇ ਜੋ ਪਿਸਦਾ ਜਾਏ
ਅਣੂਆਂ ਵਿਚ ਇਕ ਅਣੂ ਇਕੱਲਾ,
ਮਾਨਵ ਯੁਗ ਦਾ,
ਪਲ ਛਿਣ ਵਿਚ ਹੀ ਗੱਭਰੂ ਹੋਇਆ
ਚੰਨ ਸੂਰਜ ਤੇ ਲੱਖਾਂ ਤਾਰੇ
ਉਸ ਦੀ ਨਿੱਤ ਪਰਕਰਮਾ ਕਰਦੇ ।

ਗੀਤਾਂ ਅੰਦਰ ਅਜੇ ਵੀ ਮਾਨਵ
ਸੋਨ-ਚਿੜੀ ਲਈ ਹਉਕੇ ਭਰਦਾ
ਰਾਹ ਅਣਡਿੱਠੇ ਢੂੰਡ ਰਿਹਾ ਹੈ ।



Academy of the Punjab in North America: http://www.apnaorg.com

# ਧਰਤ-ਗੰਗਾ

ਅੱਤ ਨਿੱਕੇ ਦੀਪ ਅੰਦਰ
ਆਸ ਦੀ ਇਕ ਜੋਤ ਬਾਲੀ
ਧਰਤ-ਜੇਤੂ ਅੱਜ ਦਾ ਮਾਨਵ
ਅਰਸ਼ ਜਿੱਤਣ ਤੁਰ ਪਿਆ ।

ਨੂਰ-ਗੰਗਾ ਚੇਤਨਾ ਦੀ ਧਰਤ ਵਲੋਂ ਅਰਸ਼ ਵਲ ਨੂੰ ਵਹਿ ਤੁਰੀ ।
ਆਇਤਾਂ ਹੁਣ ਫਰਸ਼ ਵਲੋਂ ਅਰਸ਼ ਵਲ ਨੂੰ ਚੜ੍ਹਦੀਆਂ ।
ਧਰਤ ਦੇ ਸੀਨੇ ਦਾ ਟੁਕੜਾ,
ਅਰਸ਼ ਦੇ ਕਈ ਸੂਰਜਾਂ ਦੀਆਂ ਅੱਖੀਆਂ ਚੁਧਿਆਂਵਦਾ
ਅੱਜ ਕਲ੍ਹ ਦਾ ਸੱਚ ਬਣ ਕੇ,
ਕਲਪਣਾ ਦੇ ਜਗਤ ਜਿੱਤੀ ਜਾ ਰਿਹਾ ।

ਨ੍ਹੇਰ-ਯੁਗ ਦੀਆਂ ਨੂਰ—ਨਦੀਆਂ,
ਸ਼ਾਂਤੀ, ਨਿਰਵਾਨ, ਸਮਤਾ, ਬੁੱਧ-ਬੁੱਧੀ,
ਪਿਆਰ ਤੇ ਬਲੀਦਾਨ ਦੇ
ਇਹ ਰਾਹ ਸਾਰੇ
ਦਲਦਲਾਂ ਤੇ ਜਿਲ੍ਹਣਾਂ ਵਿਚ ਖ਼ੋ ਗਏ ।
ਰਹਿਤ-ਬਹਿਤਾਂ, ਯੱਗ-ਵਿਧੀਆਂ ਵਿਚੋਂ ਜੀਵਨ
ਤੱਤ ਸਾਰੇ ਉੱਡ ਗਏ ।

ਨ੍ਹੇਰ ਯੁਗ ਦੇ ਬੁਤ ਪੂਜਕ
ਕਾਨਿਆਂ ਦੀ ਹਿੱਕ ਡਾਹੀ,
ਤੀਲਿਆਂ ਦਾ ਬੰਨ੍ਹ ਬੰਨ੍ਹੀਂ,
ਨੂਰ ਦੇ ਦਰਿਆ ਨੂੰ ਬੰਨ੍ਹਣਾ ਚਾਂਹਵਦੇ ।

ਧਰਤ-ਗੰਗਾ ਚੇਤਨਾ ਦੀ
ਧਰਤ ਤੋਂ ਅੱਜ ਅਰਸ਼ ਵਲ ਨੂੰ ਵਹਿ ਤੁਰੀ ।



Academy of the Punjab in North America: http://www.apnaorg.com

# ਚਾਨਣ ਧੁੰਦ ਲੜੇ ਸੌ ਵਾਰੀ

ਪੰਜ ਸਦੀਆਂ ਤੋਂ ਵਿਆਕੁਲ ਫਿਰਦੀ,
ਦੇਸ਼ ਮੇਰੇ ਦੀ ਰੂਹ ਘਬਰਾਈ।

ਅਜ ਵੀ ਉਹੀ ਉਦਾਸੀ ਦਿਲ ਦੀ,
ਉਠ ਉਠ ਦੌੜੇ ਰੂਹ ਤਰਿਹਾਈ।

ਨ੍ਹੇਰ-ਯੁਗਾਂ ਦੀ ਕਾਲਖ ਅੰਦਰ,
ਕਿਸ ਨੇ ਜਿੰਦ ਦੀ ਸ਼ਮ੍ਹਾਂ ਜਲਾਈ।

ਪੰਜ ਦਰਿਆਵਾਂ ਦੀ ਧਰਤੀ ਤੇ,
ਜੰਞ ਪਾਪ ਦੀ ਮੁੜ ਮੁੜ ਧਾਈ।

ਤੱਤੀ ਤਵੀ ਤੇ ਸੜ ਗਈ ਜਿੰਦੜੀ,
ਸੱਚ ਸਿਦਕ ਤੇ ਆਂਚ ਨਾ ਆਈ।

ਪਾਪ ਹਨੇਰੀਆਂ ਜਦ ਫਿਰ ਚੜ੍ਹੀਆਂ,
ਕਿਸ ਨੇ ਚੰਡੀ ਆਣ ਜਗਾਈ।

ਹੱਸ ਹੱਸ ਫਾਹੀ ਏਸ ਕਿਰਨ ਨੇ,
ਆਪੇ ਅਪਣੇ ਗਲ ਵਿਚ ਪਾਈ।

ਮੌਤ ਵਿਆਹੁਣ ਲਾੜੇ ਨਿਕਲੇ,
ਜਦ ਵਤਨਾਂ ਦੀ ਰੂਹ ਕੁਰਲਾਈ।

ਫੇਰ ਕਿਤੇ ਰੂਹ ਗੁੰਮ ਗੁਆਚੀ,
ਉਮਰਾਂ ਤੀਕਣ ਨਜ਼ਰ ਨਾ ਆਈ।

ਛੇਵਾਂ ਦਰਿਆ ਲਹੂ ਦਾ ਵਗਿਆ,
ਮਾਨੁੱਖਤਾ ਤੋਂ ਰੂਹ ਸ਼ਰਮਾਈ।



Academy of the Punjab in North America: http://www.apnaorg.com

ਸੱਚ ਕੱਚ ਤੇ ਮਿਹਨਤ, ਸੋਨਾ,
ਜੂਝ ਰਹੇ ਹਨ ਵਿਚ ਲੁਕਾਈ ।

ਚਾਨਣ ਧੁੰਦ ਲੜੇ ਸੌ ਵਾਰੀ,
ਚਾਨਣ ਸਦਾ ਹੀ ਧੁੰਦ ਹਰਾਈ ।

ਦੇਸ ਬਦੇਸੇ ਚਾਨਣ ਹੋਇਆ,
ਸੱਚ ਦੀ ਕਿਰਨ ਪੰਜਾਬੇ ਆਈ ।

ਧਰਤ ਦਾ ਹਉਕਾ ਸੂਰਜ ਬਣਿਆ,
ਤੱਕ ਅੰਬਰਾਂ ਤੇ ਲਾਲੀ ਛਾਈ ।



Academy of the Punjab in North America: http://www.apnaorg.com

# ਪਾਪ ਦੀ ਰੇਖਾ

ਜਿਨ੍ਹਾਂ ਦੀਆਂ ਕੀਮੀਆ ਨਜ਼ਰਾਂ
ਜਿਨ੍ਹਾਂ ਦੀ ਛੋਹ ਚ ਪਾਰਸ ਹੈ
ਜਿਨ੍ਹਾਂ ਦੇ ਦਿਲ ਸਮੁੰਦਰ ਹਨ
ਜਿਨ੍ਹਾਂ ਦੇ ਸੂਰਜੀ ਮੱਥੇ ਦੇ ਉਤੇ ਸ਼ਬਨਮੀ ਬੂੰਦਾਂ
ਉਨ੍ਹਾਂ ਨੂੰ ਬਖ਼ਸ਼ ਗੁਰਬਤ ਦੀ ।

ਜਿਨ੍ਹਾਂ ਦੇ ਕੋਲ ਸੋਨਾ ਉਮਰ ਦਾ,
ਅਨੁਭਵ ਦੇ ਹੀਰੇ ਹਨ,
ਉਨ੍ਹਾਂ ਦੀ ਬੇਜ਼ੁਬਾਨੀ,
ਅੱਖਰੋਂ ਮੁਹਤਾਜ ਰਹਿੰਦੀ ਹੈ ।

ਜਦੋਂ ਸਬਰਾਂ ਦੇ ਪਿੜ ਟੁੱਟਣ
ਉਹੀ ਅੱਖਰਾਂ ਦੀ ਮੁਹਤਾਜੀ
ਸਿਸਕਦੀ ਲੋਕ ਗੀਤਾਂ ਵਿਚ ।

ਜਬਰ ਨੇ ਘੇਰ ਲਈ ਧਰਤੀ,
ਕਹਿਰ ਨੇ ਸ਼ਬਦ ਖੋਹ ਲਿੱਤੇ,
ਸਬਰ ਨੇ ਹੋਂਠ ਸੀ ਦਿਤੇ ।

ਇਹ ਵਲਗਣ ਸਾਰੇ ਦੁਖਾਂ ਦੀ
ਕਦੀ ਮੁਲਕਾਂ ਚੋਂ ਲੰਘਦੀ ਹੈ
ਕਦੀ ਮੁਲਕਾਂ ਨੂੰ ਵੰਡਦੀ ਹੈ ।



Academy of the Punjab in North America: http://www.apnaorg.com

ਇਹ ਕਾਲੀ ਪਾਪ ਦੀ ਰੇਖਾ
ਮਨੂ ਮਹਾਰਾਜ ਨੇ ਖਿੱਚੀ
ਅਰੱਸਤੂ ਇਸ ਦਾ ਬਾਨੀ ਸੀ
ਕੁਟੱਲਿਆ ਦੀ ਕੁਟਲ-ਨੀਤੀ
ਕਿਸੇ ਨਿਤਸ਼ੇ ਨੇ ਖਿਚੀ ਹੈ।

ਕਰੋੜਾਂ ਮਰ ਗਏ
ਏਸੇ ਹੀ ਰੇਖਾ ਨੂੰ ਮਿਟਾਵਣ ਲਈ
ਇਹ ਕਾਲੀ ਪਾਪ ਦੀ ਰੇਖਾ
ਮਿਟਾਈ ਇਨਕਲਾਬਾਂ ਨੇ।

ਇਹ ਕਾਲੀ ਪਾਪ ਦੀ ਰੇਖਾ
ਇਹ ਰੇਖਾ ਫੇਰ ਜਨਮੀ ਹੈ
ਇਹ ਵੰਡਦੀ ਇਨਕਲਾਬਾਂ ਨੂੰ
ਇਹ ਗੋਰਾ ਯੋਰਪੀਨੀ ਹੈ
ਇਹ ਪੀਲਾ ਜ਼ਰਦ ਚੀਨੀ ਹੈ
ਇਹ ਕਾਲਾ ਸ਼ੁੱਧ ਅਫਰੀਕੀ।

ਇਹ ਕਾਲੀ ਪਾਪ ਦੀ ਰੇਖਾ
ਇਲਾਕੇ ਵੰਡਦੀ ਫਿਰਦੀ
ਇਹ ਲੱਥਾਂ ਵੰਡ ਸਕਦੀ ਹੈ
ਲਹੂ ਤਾਂ ਵੰਡ ਨਹੀਂ ਸਕਦੀ !
ਲਹੂ ਦਾ ਰੰਗ ਇਕੋ ਹੈ !
ਲਹੂ ਦਾ ਰੰਗ ਇਕੋ ਹੈ !!



Academy of the Punjab in North America: http://www.apnaorg.com

# ਅਜੇ ਤਾਂ

ਅਜੇ ਤਾਂ ਸਮੇਂ ਦੀ ਮਣਾਂ ਧੂੜ ਥੱਲੇ,
ਇਹ ਅੰਗਾਰ ਦਿਲ ਦੇ ਦਗਣਗੇ ਭਖਣਗੇ ।
ਬੜੀ ਰੂਪ 'ਤੇ ਸੁਰਖ਼ ਲਾਲੀ ਚੜ੍ਹੇਗੀ,
ਜਦੋਂ ਇਸ਼ਕ ਸਾਡੇ ਦੇ ਭਾਂਬੜ ਮੱਚਣਗੇ ।

ਅਜੇ ਧਰਤ ਭੁੱਖੀ ਤਿਹਾਈ ਉਡੀਕੇ,
ਬਹਾਰਾਂ ਦੇ ਬੱਦਲ ਕਦੇ ਤਾਂ ਵਰ੍ਹਨਗੇ !
ਜੋ ਫੁਲਾਂ ਦੀ ਚਾਹ ਵਿਚ ਬੂਟੇ ਮੁਰੰਡਣ,
ਉਹ ਫੁੱਲਾਂ ਦੀ ਰੁੱਤੇ ਅਜਾਈਂ ਮਰਨਗੇ ।

ਬਹਾਰ ਆ ਗਈ ਜਾਂ ਅਜੇ ਆਉਣ ਵਾਲੀ
ਇਹ ਫੁੱਲਾਂ ਤੋਂ ਪੁਛੋ ਕਦੋਂ ਉਹ ਖਿੜਨਗੇ।
ਜਦੋਂ ਚੇਤ ਫੱਗਣ ਦੀ ਰੁੱਤ ਆਊ ਏਥੇ,
ਇਹ ਫੁੱਲਾਂ ਦੇ ਰਾਹੀ ਅਵੱਸ਼ ਹੀ ਤੁਰਨਗੇ ।

ਸਮੇਂ ਦੀ ਮਣਾਂ ਧੂੜ ਕਖੋਂ ਹੈ ਹੌਲੀ,
ਇਹ ਅੰਗਾਰ ਦਿਲ ਦੇ ਹੀ ਭਾਂਬੜ ਬਨ੍ਹਣਗੇ ।



Academy of the Punjab in North America: http://www.apnaorg.com

# ਬੂੰਦਾਂ ਰੱਤੀਆਂ

## (ਫਗਵਾੜੇ ਦੇ ਸ਼ਹੀਦਾਂ ਦੇ ਨਾਂਅ)

ਸੁਣਿਓ ਮੇਰੇ ਵੀਰਨੋਂ ਮੈਂ ਐਨਾ ਰੋਈ
ਹੰਝੂ ਮੇਰੇ ਸੁੱਕ ਗਏ ਮੈਂ ਜਿਉਂਦੀ ਮੋਈ,
ਚੁਪ ਦਰਿਆ ਸਿਰਾਂ ਦਾ ਮੈਂ ਕਿਸ ਨੂੰ ਪੁਛਾਂ,
ਕੂਕਾਂ ਕਮਲੀਆਂ ਹੋਈਆਂ, ਮੈਂ ਕਮਲੀ ਹੋਈ।
ਜਿਸ ਲੜ ਲਾਇਆ ਆਪਣੇ ਜੋ ਰਿਹਾ ਸੀ ਮੂਹਰੇ
ਸੂਹੇ ਕੱਫਣ ਲਿਪਟਿਆ ਉਹ ਅਜ ਵੀ ਮੂਹਰੇ !
ਦੂਜਾ ਰਾਧੇ ਸ਼ਾਮ ਸੀ, ਜਿਹਦੀ ਰਾਧਾ ਰੋਵੇ,
ਸੋਲ੍ਹਾਂ ਸਾਲ ਦੀ ਬਾਲੜੀ ਜਦ ਵਿਧਵਾ ਹੋਵੇ।
ਤੀਜਾ ਮਾਂ ਦਾ ਲਾਡਲਾ ਅਜੇ ਮੁੱਛ ਨ ਫੁੱਟੀ,
ਮੌਤ ਹੀ ਖਿੱਚ ਕੇ ਲੈ ਗਈ ਜਦ ਬਿਜਲੀ ਟੁੱਟੀ।
ਧਰਤੀ ਧਾਹੀਂ ਰੋ ਪਈ ਜਦ ਲਾਸ਼ਾਂ ਤੁਰੀਆਂ
ਖ਼ੂਨ ਦਿਲਾਂ ਦਾ ਧੋ ਰਿਹਾ ਸਭ ਗੱਲਾਂ ਬੁਰੀਆਂ।
ਖ਼ੂਨ ਸ਼ਹੀਦਾਂ ਡੁਲ੍ਹਦਾ ਇਹ ਫੁਲ ਖਿੜਾਵੇ
ਪਥਰ ਬਣਦਾ ਜੰਮ ਕੇ ਦੁਸ਼ਮਣ ਘਬਰਾਵੇ।
ਬੂੰਦ ਲਹੂ ਦੀ ਬਣ ਗਈ ਇਕ ਗੋਲੀ ਤਿੱਖੀ
ਕਾਤਲਾਂ ਸੀਨੇ ਵਜਦੀ ਇਹ ਜਾ ਕੇ ਸਿੱਧੀ।
ਬੂੰਦਾਂ ਤੰਦਾਂ ਰੱਤੀਆਂ ਜੋ ਦਿਲਾਂ ਨੂੰ ਜੋੜਨ
ਬੂੰਦਾਂ ਰੋਹ ਦੀ ਅੱਗ ਹਨ ਜੋ ਬੰਧਨ ਤੋੜਨ।
ਮਾਂਗ ਦਾ ਇਹ ਸੰਧੂਰ ਹਨ ਫੁਲਾਂ ਦੀ ਲਾਲੀ
ਖ਼ੂਨ ਸ਼ਹੀਦਾਂ ਡੁਲ੍ਹਿਆ ਫੁਲ ਡਾਲੀ ਡਾਲੀ।



Academy of the Punjab in North America: http://www.apnaorg.com

# ਚਿੱਟੇ ਝੂਠ ਦੀ ਕਾਲੀ ਗੋਲੀ

## (ਮਾਰਟਨ ਲੂਥਰ ਦੇ ਕਤਲ ਦੀ ਖਬਰ ਸੁਨਣ ਤੇ)

ਪਿਆਰ ਸਬਰ ਦਾ ਚੌੜਾ ਸੀਨਾ
ਜਿਸ ਸੀਨੇ ਵਿਚ ਸੁੰਦਰ ਸੁਪਨੇ
ਸਚਾਈ ਆਜ਼ਾਦੀ ਵਾਲੇ

ਅਜ਼ਾਦੀ ਕਾਹਦੀ ਆਜ਼ਾਦੀ ?
ਸੜਕਾਂ ਉਤੇ ਤੁਰ ਸਕਣ ਦੀ
ਵਿਚ ਸਕੂਲਾਂ ਪੜ੍ਹ ਸਕਣ ਦੀ
ਆਪਣਾ ਕਾਰਜ ਕਰ ਸਕਣ ਦੀ
ਆਪਣਾ ਜੀਵਨ ਜਿਊ ਸਕਣ ਦੀ
ਕਬਰਸਤਾਨ ਚ ਸੌਂ ਸਕਣ ਦੀ
ਲੰਮੀ ਗੂੜ੍ਹੀ ਨੀਂਦਰ ਅਬਦੀ
ਜਿਥੇ ਗੋਰੀ ਕਾਲੀ ਚਮੜੀ
ਸਾਂਝੀ ਮਿੱਟੀ ਬਣ ਜਾਂਦੀ ਹੈ ।

ਕਿੰਨੀ ਆਜ਼ਾਦੀ ਹੈ ਮੰਗਦਾ ?
ਨਫ਼ਰਤ ਦੀ ਕੁੱਲ ਦੁਨੀਆ ਚੀਕੀ !
ਚਿੱਟੇ ਝੂਠ ਦੀ ਕਾਲੀ ਗੋਲੀ
ਪਿਆਰ ਸਬਰ ਦੇ ਸੀਨੇ ਮਾਰੀ
ਜੁਆਲਾਮੁਖੀ ਸਬਰ ਦਾ ਫ਼ਟਿਆ
ਲਾਵਾ ਖ਼ੂਨ ਦਾ ਵਹਿ ਤੁਰਿਆ ਹੈ
ਜਲ ਜਾਣੀ ਨਫ਼ਰਤ ਦੀ ਦੁਨੀਆਂ
ਜਲ ਜਾਣੀ ਨਫ਼ਰਤ ਦੀ ਦੁਨੀਆਂ ।



Academy of the Punjab in North America: http://www.apnaorg.com

# ਸਮੇਂ ਦੀ ਬਿਜਲੀ

ਲਿਸ਼ਕੀ ਦੂਰ ਦੁਹਦੇ ਉਤੇ
ਫੇਰ ਸਮੇਂ ਦੀ ਬਿਜਲੀ ਲਿਸ਼ਕੀ ।

ਜਿੰਨੀ ਵਾਰ ਸਮੇਂ ਦਿਆਂ ਕੰਸਾਂ
ਪਟੜੇ ਸੁੱਟੀ ਮਾਰ ਮੁਕਾਈ,
ਓਨੀ ਵਾਰ ਸਮੇਂ ਦੀ ਬਿਜਲੀ
ਹੋਰ ਵੀ ਬਿਹਬਲ ਹੋ ਕੇ ਲਿਸ਼ਕੀ ।

ਬਿਜਲੀ ਸਮੇਂ ਦੇ ਦਿਲ ਦੀ ਤੜਪਣ;
ਜਲ ਥਲ ਬੱਦਲ ਦਾ ਸੰਦੇਸਾ,
ਭੁਖਾਂ ਦੁਖਾਂ ਦੀ ਧਰਤੀ ਤੇ
ਜਲ ਥਲ ਵਰਖਾ ਵਰਸਣ ਵਾਲ਼ੀ ।
ਲੋਕਾਂ ਦੀ ਹਿੱਕਾਂ ਵਿਚ ਗਰਮੀ,
ਲੋਕਾਂ ਦੀ ਅੱਖਾਂ ਵਿਚ ਸ਼ੋਹਲੇ,
ਚਿਰ ਸੁੱਤੇ ਮੁੜ ਹੌਸਲੇ ਜਾਗੇ ।
ਯੁਗ ਬਦਲੇਗਾ ਫੇਰ ਸਮੇਂ ਦਾ
ਚਮਕੀ ਫੇਰ ਦਿਲਾਂ ਵਿਚ ਚਮਕੀ
ਬਿਜਲੀ ਚਮਕੀ ਬਿਹਬਲ ਹੋਈ ।
ਰਿਮ ਝਿਮ ਵਰਖਾ ਵਰਸਣ ਵਾਲੀ
ਸਬਰ ਦਾ ਚੰਬਾ ਖਿੜ ਖਿੜ ਹੱਸੇ ।



Academy of the Punjab in North America: http://www.apnaorg.com

# ਭੈਅ

ਬਕਤਰਬੰਦ ਤੇ ਕਵਚ ਚੜ੍ਹਾਈ,
ਸਾਰੇ ਹੀ ਹਥਿਆਰ ਸਜਾਈ,
ਭੈ ਉਮਰਾਂ ਤੋਂ
ਬੰਦ ਕਿਲ੍ਹਿਆਂ ਵਿਚ
ਨੱਸ ਜਾਣ ਲਈ ਸੁਰੰਗਾਂ ਰਖੇ ।

ਭੈਅ ਦੀ ਅੱਖ ਦੇ ਉਲਟੇ ਸ਼ੀਸ਼ੇ,
ਭੈ ਨੂੰ ਭੀੜ ਵੀ ਫੌਜਾਂ ਲੱਗੇ,
ਮਿੱਤਰ ਦੂਰ ਕਿਤੇ ਨਾ ਦਿੱਸਣ,
ਵੈਰੀ ਸਦਾ ਹੀ ਸਿਰ ਚੜ੍ਹ ਨੱਚਣ,
ਭੈਅ ਦੀ ਭਾਸ਼ਾ ਢੋਲ ਦਮਾਮੇ
ਅੰਦਰੋਂ ਹਿਰਦਾ ਥਰ ਥਰ ਕੰਬੇ ।

ਭੈਅ ਗੋਬਿੰਦ ਦੇ ਦਿਲ ਦੇ ਟੁਕੜੇ
ਜਿਊਂਦੇ ਜੀਅ ਕੰਧੀ ਚਿਣਵਾਵੇ,
ਭੈਅ ਨੂੰ ਉਸ ਦਾ ਪਾਪ ਡਰਾਵੇ
ਮਨ ਵਿਚ ਲੁਕਿਆ ਚੋਰ ਸਤਾਵੇ।

ਸੁੱਖ ਦੇ ਚੋਰ ਸਦਾ ਹੀ ਡਰਦੇ,
ਜ਼ੋਰ ਜਬਰ ਦੇ ਕਿਲ੍ਹੇ ਉਸਾਰਨ ।
ਸੱਚ ਚੌਕਾਂ ਵਿਚ ਨਾਅਰੇ ਮਾਰੇ,
ਨੱਸਦੇ ਪੈਰੀਂ ਠੱਲ੍ਹਾਂ ਪਾਵੇ,
ਸੱਚ ਭੀੜਾਂ ਨੂੰ ਫੌਜ ਬਣਾਵੇ,
ਸੱਚ ਬੰਦੇ ਦਾ ਰੋਹ ਬਣ ਜਾਵੇ ।



Academy of the Punjab in North America: http://www.apnaorg.com

# ਰੁੱਤ ਬਦਲੀ

ਰੁਤ-ਬਦਲੀ ਦੀ ਕੱਚੀ ਰੁੱਤ ਵੀ
ਰੰਗ ਅਜਬ ਹੀ ਦਰਸਾਉਂਦੀ ਹੈ,
ਇਕ ਪਲ ਜ਼ਹਿਰ ਦੀ ਵਰਖਾ ਹੁੰਦੀ
ਇਕ ਪਲ ਅੰਮ੍ਰਿਤ ਵਰਸਾਉਂਦੀ ਹੈ,
ਇਕ ਪਲ ਸੋਚ ਦਾ ਚਾਨਣ ਚਮਕੇ
ਇਕ ਪਲ ਕਾਲਖ ਵਧ ਜਾਂਦੀ ਹੈ,
ਚਾਨਣ ਨ੍ਹੇਰ ਦੀ ਮੰਜ਼ਿਲ ਉਤੇ
ਆਸ ਹਜ਼ਾਰਾਂ ਵਲ ਖਾਂਦੀ ਹੈ ।

ਜੋਬਨ ਦੀ ਸਰਦਲ ਦੇ ਉੱਤੇ
ਕੁੜੀ ਜਿਵੇਂ ਇਕ ਘਬਰਾਉਂਦੀ ਹੈ,
ਲੰਮ ਸਲੰਮੀ ਕਾਇਆ ਅੰਦਰ
ਬਚਪਨ ਦੀ ਰੂਹ ਸ਼ਰਮਾਉਂਦੀ ਹੈ,
ਹਾਰ ਜਿੱਤ ਦੇ ਨਾਜ਼ੁਕ ਪਲ ਵਿਚ
ਬਾਜ਼ੀ ਹੋਰ ਹੀ ਹੋ ਜਾਂਦੀ ਹੈ,
ਜਿੰਦ ਕੁਠਾਲੀ ਦੇ ਵਿਚ ਢਲਦਾ
ਪਿਤਲ ਸੋਨਾ ਦਰਸਾਉਂਦੀ ਹੈ ।

ਇਸ ਰੁੱਤੇ ਜੱਗ ਚਾਨਣ ਹੁੰਦਾ
ਛਿਨ ਛਿਨ ਰੂਪ ਇਹ ਬਦਲਾਉਂਦੀ ਹੈ,
ਇਸ ਰੁੱਤੇ ਮਹਾਂਭਾਰਤ ਜਾਗੇ
ਲਖ ਅਖੂਹਣੀ ਵਟ ਜਾਂਦੀ ਹੈ.
ਰੁਤ-ਬਹਾਰ ਦੀ ਪਹਿਲੀ ਨ੍ਹੇਰੀ
ਸੁੱਕੇ ਪੱਤਰ ਵਿਖਰਾਉਂਦੀ ਹੈ,
ਦੋ ਸਮਿਆਂ ਦੇ ਸੰਗਮ ਉਤੇ
ਰੁਤ-ਬਦਲੀ ਦੀ ਰੁਤ ਆਉਂਦੀ ਹੈ ।



Academy of the Punjab in North America: http://www.apnaorg.com

# ਕਿਰਨ ਇਕੱਲੀ

## (ਨਕਸਲਬਾੜੀ ਵਿਚਾਰਧਾਰਾ ਦੇ ਨਾਉਂ)

ਰਾਤ ਦੇ ਕਹਿਰ ਹਨੇਰੇ ਵਿਚੋਂ
ਇਕ ਕਿਰਨ ਘਬਰਾ ਕੇ ਨਿਕਲੀ
"ਕਿੰਨੀ ਲੰਮੀ ਰਾਤ ਜ਼ੁਲਮ ਦੀ
ਕਿੰਨੀ ਦੂਰ ਉਜਾਲਾ ਦਿਨ ਦਾ"

ਬੇਚੈਨੀ ਦੀ ਕਿਰਨ ਇਕੱਲੀ
ਚੀਕ ਪਈ ਇਕ ਗੋਲੀ ਬਣ ਕੇ।

ਰਾਤ ਦੇ ਜ਼ਾਲਮ ਕਹਿਰ ਹਨ੍ਹੇਰੇ
ਇਕ ਕਿਰਨ ਤੋਂ ਕਦ ਘਬਰਾਏ,
ਹੋਰ ਵੀ ਗਾੜ੍ਹੇ ਹੋ ਕੇ ਛਾਏ।

ਇਕ ਕਿਰਨ ਦੀ ਜਾਨ ਇਕੱਲੀ
ਜ਼ੁਲਮ ਦੇ ਪਰਬਤ ਕੀਕਣ ਢਾਏ
ਬਾਲੜੀ ਰੋਏ, ਜਾਨ ਗੁਆਏ
ਨ੍ਹੇਰੇ ਅੰਦਰ ਸ਼ੋਰ ਮਚਾਏ
"ਕਿੰਨੀ ਲੰਮੀ ਰਾਤ ਜ਼ੁਲਮ ਦੀ
ਕਿੰਨੀ ਦੂਰ ਉਜਾਲਾ ਦਿਨ ਦਾ।"

ਜਿਵੇਂ ਮੁਸਾਫ਼ਰ ਕੋਈ ਕਲਪਦਾ
ਦਿਲ ਹੀ ਦਿਲ ਵਿਚ ਸੜਦਾ ਬਲਦਾ
ਮਨ ਹੀ ਮਨ ਝੁੰਜਲਾਇਆ ਹੋਇਆ



Academy of the Punjab in North America: http://www.apnaorg.com

ਗੱਡੀ ਛੱਡ ਕੇ ਪੈਦਲ ਤੁਰ ਪਏ
ਕਾਹਲੀ ਬਾਹਲੀ ਮੰਜ਼ਿਲ ਵੱਲ ਨੂੰ।

ਕਾਹਲੀ ਬਾਹਲੀ ਏਸ ਕਿਰਨ ਨੇ
ਦਿਨ ਦੀ ਮੰਜ਼ਿਲ ਕਦੇ ਨ ਪਾਈ
ਓਸ ਮੁਸਾਫਰ ਆਪਣੀ ਮੰਜ਼ਿਲ
ਅਧਵਾਟੇ ਹੀ ਆਪ ਗੁਆਈ।



Academy of the Punjab in North America: http://www.apnaorg.com

# ਕਿਹੜਾ ਬੋਲ ਸੁਣਾਵਾਂ ਅਜ ਮੈਂ

ਕਿਹੜਾ ਬੋਲ ਸੁਣਾਵਾਂ ਅੱਜ ਮੈਂ
ਅੱਖਰਾਂ ਦਾ ਕਿਵੇਂ ਸੀਨਾ ਚੀਰਾਂ
ਅਰਥਾਂ ਦੇ ਕਿਵੇਂ ਅਰਥ ਕਰਾਂ ਮੈਂ

ਕੀਕਣ ਸਾਰੀ ਗੱਲ ਸਮਝਾਵਾਂ
ਦੁਨੀਆਂ ਦਾ ਸ਼ੀਸ਼ਾ ਦਰਸਾਵਾਂ

ਭੁੱਖੀਆਂ ਸਹਿਮੀਆਂ ਡਰੀਆਂ ਅੱਖੀਆਂ
ਪਲਕਾਂ ਦੇ ਬੂਹੇ ਦੇ ਪਿੱਛੇ
ਕਾਲੀ ਪੁਤਲੀ ਦੇ ਨ੍ਹੇਰੇ ਵਿਚ
ਦਾਸਤਾ ਯੁਗ ਤੇ ਅਰਧ-ਗੁਲਾਮੀ
ਦੀ ਕਾਲੀ ਸਿਆਹ ਰਾਤ ਹੈ ਛਾਈ ।

ਇਸ ਦੁਨੀਆ ਵਿਚ ਬੋਲ ਨ ਅੱਖਰ
ਇਸ ਦੁਨੀਆਂ ਵਿਚ ਰੰਗ ਨ ਚਾਨਣ
ਇਸ ਦੁਨੀਆਂ ਵਿਚ ਭੁਖ ਹੀ ਭੁਖ ਹੈ
ਲਖ ਵਰ੍ਹਿਆਂ ਦੀ ਚੰਦਰੀ ਭੁੱਖ ਹੈ ।

ਜੋ ਇਕ ਮੁੱਠੀ ਆਟਾ ਮੰਗੇ
ਜੋ ਇਕ ਬੂੰਦ ਨਸ਼ੇ ਦੀ ਚਾਹਵੇ
ਸੋਹਣੇ ਜਿਹੇ ਲੀੜੇ ਲਈ ਤਰਸੇ
ਜੋ ਮੋਟਰ ਦਾ ਹੂਟਾ ਲੋੜੇ
ਜੋ ਹਥ ਘੁੱਟਣੀ ਤੇ ਨਸ਼ਿਆਵੇ



Academy of the Punjab in North America: http://www.apnaorg.com

ਫੋਕੇ ਵਾਅਦਿਆਂ ਤੇ ਫੁੱਲ ਜਾਵੇ
ਮਿੱਟੀ ਦੇ ਭਾਅ ਜਿੰਦ ਵਿਕਾਵੇ ।
ਹਰ ਇਕ ਉਤੇ ਬੇ-ਪਰਤੀਤੀ
ਲੱਖ ਵਰ੍ਹਿਆਂ ਨੇ ਪੈਦਾ ਕੀਤੀ ।

ਬਲਦ ਤੇ ਬੰਦਾ
ਧਰਤ ਤੇ ਮਿਹਨਤ
ਸਾਰੇ ਇਕੋ ਮੁੱਲ ਵਿਕੇਂਦੇ ।

ਧਰਤੀ ਦੀ ਜਦ ਗੱਲ ਤੁਰੀ ਤਾਂ
ਬੋਲ਼ਾਂ ਦੇ ਦਰਿਆ ਵਹਿ ਨਿਕਲੇ
ਅੱਖਰਾਂ ਦੇ ਭੰਡਾਰੇ ਭਰ ਗਏ ।

ਕਾਲੀ ਪੁਤਲੀ ਦੇ ਨ੍ਹੇਰੇ ਵਿਚ
ਹੀਰੇ ਦੀ ਇਕ ਕਣੀ ਦੇ ਵਾਂਗੂ
ਸੱਚ ਦੀ ਇਕ ਚੰਗਿਆੜੀ ਚਮਕੀ

ਚੇਤੰਨਤਾ ਦਾ ਸੂਰਜ ਚੜ੍ਹਿਆ
ਦੁਨੀਆਂ ਦਾ ਸ਼ੀਸ਼ਾ ਚਮਕਾਵੇ
ਧੁਰ ਮੰਜ਼ਿਲ ਦਾ ਸੁਰਗ ਦਿਖਾਵੇ ।



Academy of the Punjab in North America: http://www.apnaorg.com

# ਧਰਤੀ ਦਾ ਗੀਤ

ਪੱਥਰ ਦੇ ਹਥਿਆਰ
ਤੋਂ ਲੈ ਕੇ
ਅਣੂ ਬੰਬ ਤਕ,
ਲੱਖ ਲੜਾਈਆਂ ਧਰਤ ਤੇ ਹੋਈਆਂ ।

ਆਰੀਆ, ਫਿਰ ਮੰਗੋਲ ਹੁਣਾਂ ਨੇ
ਧੁਰ ਪੱਛਮ ਤਕ ਧਾਵੇ ਕੀਤੇ,
ਰੋਮ ਦਾ ਸਿੱਕਾ
ਦੱਖਣ ਤੋਂ ਲੈ
ਧੁਰ ਉੱਤਰ ਤਕ ਕਦੀ ਸੀ ਚਲਦਾ
ਫੇਰ ਯੂਨਾਨੀ ਚੜ੍ਹ ਦੌੜੇ ਸਨ
ਕੁਲ ਦੁਨੀਆਂ ਨੂੰ ਜਿੱਤਣ ਨਿਕਲੇ ।

ਫੇਰ ਕਲੀਸਾਂ ਦੀਆਂ ਜੰਗਾਂ ਵਿਚ
ਪੱਛਮ ਪੂਰਬ ਲੁੱਟਣ ਤੁਰਿਆ ।

ਸੈਆਂ ਵਰ੍ਹੇ ਤਿਜਾਰਤੀ ਜੰਗਾਂ
ਇਸ ਧਰਤੀ ਦਾ ਸੀਨਾ ਲੂਹਿਆ ।

ਕੁਲ ਦੁਨੀਆਂ ਦੀਆਂ ਵੱਡੀਆਂ ਜੰਗਾਂ
ਦੋ ਵਾਰੀ ਧਰਤੀ ਨੂੰ ਕੋਹਿਆ,
ਲੱਖਾਂ ਅਰਬਾਂ ਬੰਦੇ ਮੋਏ,
ਅਰਬਾਂ ਖਰਬਾਂ ਧਨ ਵੀ ਖੋਇਆ ।



Academy of the Punjab in North America: http://www.apnaorg.com

ਦੇਸ ਬਦੇਸੇ
ਅਜ ਤੀਕਰ ਵੀ
ਜੰਗ ਦੀ ਧੂਣੀ ਧੁਖਦੀ ਰਹਿੰਦੀ ।

ਜੰਗਾਂ ਅੰਦਰ ਮੋਏ ਹੋਏ,
ਪੁੱਤਰਾਂ ਦੇ ਮਾਤਮ ਵਿਹ ਡੁੱਬੀ,
ਕੁੱਖ ਜਲੀ ਇਸ ਧਰਤੀ ਮਾਂ ਨੇ,
ਹਰਿਆਲੀ ਮਾਨਵ ਨੂੰ ਬਖਸ਼ੀ,
ਆਪਣੇ ਸਾਰੇ ਸੁਖ ਦੇ ਸੋਮੇ,
ਮਾਨਵ ਦੇ ਸੁਖ ਉਤੋਂ ਵਾਰੇ, ।

ਨੀਲ ਗਗਨ ਨੂੰ ਹੁਬ ਹੁਬ ਦਸਿਆ
ਪੁਤ ਮੇਰੇ ਅੱਜ ਗੱਭਰੂ ਹੋਏ
ਆਪੋ ਵਿਚੀਂ ਹੁਣ ਨਹੀਂ ਲੜਦੇ
ਅਮਨ ਦੀ ਰੱਖਿਆ ਕਰ ਸਕਦੇ ਹਨ ।



Academy of the Punjab in North America: http://www.apnaorg.com

# ਕਵੀ

ਜਦੋਂ ਇਕ ਬੋਲ ਪਿਆਰਾਂ ਦਾ,
ਕਈ ਵਰ੍ਹਿਆਂ ਦਾ ਹੁੰਦਾ ਸੀ,
ਜਦੋਂ ਇਕ ਨਜ਼ਰ ਮਿਹਰਾਂ ਦੀ,
ਜਨਮ ਗੀਤਾਂ ਨੂੰ ਦਿੰਦੀ ਸੀ,
ਜਦੋਂ ਭੁੱਖਾ ਤਿਹਾਇਆ ਢੂੰਡਦਾ ਸੀ,
ਬੂੰਦ ਅੰਮ੍ਰਿਤ ਦੀ,
ਕਿਤੋਂ ਸ਼ਬਦਾਂ 'ਚ ਘੁਲ ਜਾਵੇ,
ਮੇਰੀ ਅਵਾਜ਼ ਬਣ ਜਾਵੇ ।
ਮਿਲੇ ਬੋਲਾਂ ਦੇ ਪੱਥਰ ਸਨ,
ਮਿਲੇ ਨਰਕਾਂ ਦੇ ਝੱਖੜ ਸਨ,
ਕਿਸੇ ਨੇ ਵਰਜਿਆ ਸੀ,
ਪਿਆਰ ਦੀ ਭਾਸ਼ਾ ਦੇ ਪਰਦੇ ਵਿਚ,
ਕਿਸੇ ਨੇ ਤਨਜ਼ ਦੀ ਤਿੱਖੀ ਕਟਾਰੀ,
ਖਿੱਚ ਕੇ ਮਾਰੀ,
ਕਈ ਬੇਦਰਦ ਹਾਸੇ,
ਗੂੰਜਦੇ ਰਹੇ ਦੇਰ ਤਕ ਕਿਧਰੇ ।
ਜਦੋਂ ਜਵਾਲਾਮੁਖੀ ਫਟਿਆ
ਬੜੇ ਭੁਚਾਲ ਆਏ ਸਨ,
ਹਜ਼ਾਰਾਂ ਜਜ਼ਬਿਆਂ ਦੇ
ਸੁਲਘਦੇ ਲਾਵੇ ਦੀ ਅੱਗ ਅੰਦਰ,
ਕਵੀ ਦਾ ਜਨਮ ਹੋਇਆ ਸੀ
ਕਵੀ ਦੀ ਰੂਹ ਜਾਗੀ ਸੀ ।



Academy of the Punjab in North America: http://www.apnaorg.com

ਕਿਤੇ ਨਾਕਾਮੀਆਂ ਦੇ ਨਰਕ ਕੁੰਡਾਂ 'ਚ ਮਿਲੇ ਪਲਦਾ
ਕਦੀ ਦੁਨੀਆਂ ਦੇ ਨਾਟਕ ਦਾ ਤਮਾਸ਼ਾਈ ਬਣੀ ਫਿਰਦਾ
ਕਦੀ ਅਪਣਾ ਤਮਾਸ਼ਾ ਆਪ ਦੁਨੀਆਂ ਨੂੰ ਹੈ ਦਰਸਾਂਦਾ
ਦਿਲਾਂ ਤੇ ਚੋਟ ਖਾ ਕੇ ਤੜਪਦਾ,
ਦੁਨੀਆਂ ਨੂੰ ਤੜਪਾਂਦਾ।

ਕਦੀ ਭੁੱਖਾਂ ਦੇ ਖੂਹਾਂ ਵਿਚ
ਕਦੀ ਦੁੱਖਾਂ ਦੇ ਠੇਕੇ ਤੇ
ਉਡੇ ਅਰਸ਼ਾਂ ਦੇ ਸੀਨੇ ਤੇ
ਲਿਖੇ ਧਰਤੀ ਦੀ ਬਾਣੀ ਇਹ ।

ਬੜੀ ਮੁੱਦਤ ਤੋਂ ਹੁਣ
ਜਵਾਲਾਮੁਖੀ ਖਾਮੋਸ਼ ਹੈ ਦਿਲ ਦਾ
ਹਜ਼ਾਰਾਂ ਜਜ਼ਬਿਆਂ ਦੀ ਰਾਖ਼
ਕਿਧਰੇ ਉਡ ਗਈ ਸ਼ਾਇਦ ।

ਹਜ਼ਾਰਾਂ ਮਸਤੀਆਂ ਲੈ ਕੇ
ਬਾਹਰ ਆਈ, ਤਾਂ ਕੀ ਆਈ !
ਬੜੇ ਫੁਲਾਂ ਦੇ ਸਿਹਰੇ ਹਨ
ਕਵੀ ਦੀ ਮੂਰਤੀ ਉਤੇ
ਕਵੀ ਦੇ ਨੈਣ ਹੱਸਦੇ ਹਨ
ਕਵੀ ਦੇ ਬੋਲ ਤਾਂ ਚੁਪ ਹਨ
ਕਵੀ ਦੇ ਗੀਤ ਤਾ ਚੁਪ ਹਨ ।



Academy of the Punjab in North America: http://www.apnaorg.com

# ਕੌਣ ਹੈ ਵਾਰਸ ਓਸ ਗੁਰੂ ਦਾ

ਕਲਗੀ ਬਾਜ਼ ਤੇ ਨੀਲਾ ਘੋੜਾ
ਉੱਚੇ ਭਵਨ ਅਨੋਖੇ ਹੀਰੇ
ਸ਼ਾਹਾਨਾ ਸਭ ਠਾਠ ਬਾਠ ਦੇ
ਵਾਰਸ ਕਿੰਨੇ।
ਸਾਧ ਸਮਾਧ ਤੇ ਸੁਖ ਦੇ ਡੇਰੇ
ਅਨੰਦ ਮਗਨ ਹੋ ਔਧ ਬਿਤਾਵਣ।

ਸਰਬੰਸ ਲੁਟਾਉਂਦੀ
ਮਸਤ ਫਕੀਰੀ
ਸਾਂਝ ਸਿਦਕ ਤੇ ਉਸ ਸੁੱਚੀ ਤਲਵਾਰ ਦਾ
ਅੱਜ ਕੋਈ ਵਾਰਸ ਨਹੀਓਂ।

ਗੁਰੂ ਗੋਬਿੰਦ ਦੀ ਜਿੱਤ ਦੇ ਮਿੱਤਰ
ਹੁਣ ਵੀ ਕਈ ਹਜ਼ਾਰਾਂ ਮਿਲਦੇ
ਗੁਰੂ ਗੋਬਿੰਦ ਦੀ ਹਾਰ ਦਾ ਸਾਥੀ
ਕੋਈ ਨਹੀਂ ਮਿਲਦਾ।
ਹਾਰ ਅਨੋਖੀ ਹਾਰ ਸੀ ਉਸ ਦੀ
ਜਿਸ ਨੇ ਸਮੇਂ ਦਾ ਰਾਹ ਬਦਲਾਇਆ
ਜਿਸ ਨੇ ਜਬਰ ਦੇ ਗੜ੍ਹ ਢਾਹ ਸੁਟੇ
ਜਿਸ ਨੇ ਰੋਹ ਦੀਆਂ ਫਸਲਾਂ ਕਟੀਆਂ
ਧਰਤ ਦਾ ਕਾਲਜਾ ਕੰਬ ਉੱਠਿਆ ਸੀ
ਧੂੜ ਦੇ ਕਿਣਕੇ ਅਰਸ਼ੀਂ ਚੜ੍ਹ ਗਏ
ਰਾਜੇ ਰਾਣੇ ਸਭ ਜਰਵਾਣੇ



Academy of the Punjab in North America: http://www.apnaorg.com

ਜਿਸ ਤੋਂ ਥਰ ਥਰ ਕੰਬ ਉਠੇ ਸਨ
ਹਾਰ, ਜੋ ਹਰ ਜਿੱਤ ਦੀ ਹੈ ਜਨਣੀ
ਉਸ ਹਾਰ ਦਾ ਵਾਰਸ ਕਿਹੜਾ ?

ਉਸ ਕਲਮ ਦਾ ਕੌਣ ਹੈ ਵਾਰਸ
ਜਿਸ ਨੇ ਹਾਰ ਦੀ ਅੱਤ ਭਿਆਨਕ
ਉਸ ਘੜੀ ਵਿਚ ਦਿਲ ਨਹੀਂ ਛਡਿਆ
ਫੜ ਕੇ ਤੀਰ ਲਹੂ ਨਾਲ ਲਿਖਿਆ।

ਉਸ ਗੀਤ ਦਾ ਵਾਰਸ ਕੌਣ
ਜਿਹੜਾ ਧੁਰ ਜੰਗਲ ਵਿਚ ਜੰਮਿਆ
ਨਾਗ ਨਿਵਾਸਾਂ ਦੇ ਵਿਚ ਪਲਿਆ

ਦਰਦ ਪਿਆਰ ਤੇ ਅਣਖ
ਸਿਰੜ ਦਾ ਗੀਤ ਅਨੋਖਾ
ਰੂਹ ਪੰਜਾਬ ਦੀ ਕੁਰਲਾਂਦੀ ਹੈ
ਗੀਤ ਵਿਲਕਦਾ ਅਜੇ ਵੀ ਫਿਰਦਾ
ਕੌਣ ਹੈ ਵਾਰਸ ਉਸ ਗੁਰੂ ਦਾ

ਜਿਸ ਨੇ ਖੁਦ ਗੁਰਿਆਈ ਛੱਡੀ
ਸੰਗਤ ਮੋਹਰੇ ਸੀਸ ਨਿਵਾਇਆ
ਹੱਸ ਹੱਸ ਕੇ ਸਰਬੰਸ ਲੁਟਾਇਆ
ਕੌਣ ਹੈ ਵਾਰਸ ਉਸ ਗੁਰੂ ਦਾ !



Academy of the Punjab in North America: http://www.apnaorg.com

# ਹੋਏ ਗੱਭਰੂ ਅਜ ਅਰਮਾਨ

ਨਿੱਕੀ ਜਿਹੀ ਚਿਣਗ ਦੀਆਂ ਲਾਟਾਂ,
ਚੜ੍ਹ ਚਲੀਆਂ ਅਸਮਾਨ ।
ਅਜ ਪੀਘਾਂ ਸੱਤ ਰੰਗੀਆਂ,
ਤੱਕ ਬੱਦਲਾਂ ਵਿਚ ਮੁਸਕਾਣ ।
ਜਬਰਾਂ ਦੀ ਧਾਰ ਥੱਲੇ
ਹੋਏ ਗੱਭਰੂ ਅਜ ਅਰਮਾਨ ।
ਮਾਰਿਆਂ ਉਹ ਕਦ ਮਰਦੇ,
ਜਿਹੜੇ ਬਿਜਲੀਆਂ ਦੇ ਵਰਦਾਨ ।
ਫੇਰ ਕਿਤੇ ਲਹੂ ਡੁੱਲ੍ਹਦਾ,
ਜਾਗੀ ਧਰਤੀ ਦੀ ਪੀੜ ਮਹਾਨ ।
ਮਿੱਤਰਾਂ ਲਈ ਨਿਤ ਖਿੜਦੇ,
ਰੱਤੇ ਫੁੱਲ ਨਾ ਕਦੇ ਕੁਮਲਾਣ ।



Academy of the Punjab in North America: http://www.apnaorg.com

# ਪਸ਼ੂ ਤੇ ਮਾਨਵ

ਬੰਦਾ ਪਸ਼ੂ ਤੋਂ ਮਾਨਵ ਬਣਿਆ
ਜਦ ਉਸ ਨੇ ਅਧ-ਭੁੱਖਾ ਰਹਿ ਕੇ
ਆਪਣੇ ਮੂੰਹ ਦੀ ਪਹਿਲੀ ਬੁਰਕੀ
ਹੋਰ ਕਿਸੇ ਨੂੰ ਆਪੇ ਦਿਤੀ।

ਜਦ ਦੂਜੇ ਦਾ ਦਰਦ ਵੰਡਾਇਆ
ਜਦ ਅਪਣੱਤ ਤੇ ਨਿੱਘ ਸਨੇਹ ਦਾ
ਸਭ ਤੋਂ ਪਹਿਲਾ ਹੰਝੂ ਕਿਰਿਆ
ਬੰਦਾ ਪਸ਼ੂ ਤੋਂ ਮਾਨਵ ਬਣਿਆ।

ਜ਼ਰ ਜੋਰੋ ਤੇ ਧਰਤੀ ਖਾਤਰ
ਬਿਰਤੀ ਪਸ਼ੂ ਦੀ ਮੁੜ ਮੁੜ ਜਾਗੇ
ਪਸ਼ੂ ਤੇ ਮਾਨਵ
ਹਰ ਦਿਲ ਅੰਦਰ ਹਰ ਪਲ ਲੜਦੇ।

ਪਸ਼ੂ ਤਾਂ ਸੋਚੇ ਆਪਣੀ ਖਾਤਰ
ਜ਼ੋਰ ਦਿਖਾਏ ਪੈਲਾਂ ਪਾਏ
ਆਪ ਮਰੇ ਜੁਗ ਪਰਲੋ ਆਖੇ।

ਮਾਨਵ ਭਲਾ ਸਰਬਤ ਦਾ ਚਾਹੇ
ਸਭਨਾਂ ਖਾਤਰ ਜ਼ੋਰ ਲਗਾਏ
ਪਰ-ਹਿਤ ਲਈ ਸੂਲੀ ਚੜ੍ਹ ਲਾਏ
ਪਰ-ਹਿਤ ਲਈ ਸਰਬੰਸ ਲੁਟਾਏ।



Academy of the Punjab in North America: http://www.apnaorg.com

# ਨਾਸਰ

ਨੂਰ ਮੁਨਾਰਾ
ਦੇਸ਼ ਮਿਸਰ ਦਾ
ਡਿੱਗਿਆ ਸੁਣ ਕੇ,
ਨੀਲ ਦਾ ਪਾਣੀ ਸਹਿਮ ਗਿਆ ਹੈ ।

ਲੱਖ ਜ਼ੁਲੈਖਾਂ ਰੋਂਦੀ ਫਿਰਦੀ
ਕਿਸ ਯੂਸਫ ਨੂੰ ਢੂੰਡ ਰਹੀ ਹੈ ?
ਅਰਬਾਂ ਦੀ ਯਲਗਾਰ ਦਾ ਰਹਿਬਰ
ਜਿਸ ਨੇ ਸੁੱਤੀ ਕੌਮ ਜਗਾਈ,
ਨਹਿਰ ਸੁਏਜ਼ ਦਾ ਜਿਸ ਨੇ ਇਕੋ ਘੁੱਟ ਭਰਿਆ ਸੀ,
ਸਾਮਰਾਜ ਦੇ ਦਿਲ ਦੇ ਅੰਦਰ
ਖੰਜਰ ਵਾਂਗੂ ਜੋ ਚੁਭਿਆ ਸੀ ।

ਜਿਸ ਨੇ ਸਦਾ ਹੀ ਔਖੇ ਵੇਲੇ
ਪੱਥਰ ਖਾਧੇ, ਜਿੰਦ ਗੁਆਈ,
ਐਪਰ ਕਦੀ ਵੀ ਵੈਰੀ ਸਾਹਵੇਂ
ਹਿਜਰਤ ਦਾ ਨਾ ਰਾਹ ਅਪਣਾਇਆ ।

ਕਾਅਬਾ ਸੱਚ ਦਾ,
ਜਿਸ ਦੇ ਕਾਰਨ ਹਾਜੀ ਅਜ ਕਲ੍ਹ
ਮੱਕੇ ਦੀ ਥਾਂ ਮਿਸਰ ਸੀ ਆਉਂਦੇ,
ਵਡ-ਮੁੱਲਾ ਇਹ ਯੂਸਫ ਯੁੱਗ ਦਾ
ਕਿਸੇ ਬਜ਼ਾਰ ਚ ਕਦੇ ਨਾ ਵਿਕਿਆ ।



Academy of the Punjab in North America: http://www.apnaorg.com

ਨਾਸਰ ਦਾ ਦਿਲ
ਧੜਕਣਾਂ ਭੁੱਲ ਕੇ ਠਹਿਰ ਗਿਆ ਹੈ
ਅਰਬੀ ਖ਼ੂਨ ਨੂੰ ਅਰਬਾਂ ਹੱਥੋਂ
ਵਹਿੰਦਾ ਸ਼ਾਇਦ ਜਰ ਨਾ ਸਕਿਆ ।

ਦਿਲੀ ਮਾਸਕੋ ਦੂਰ ਹਵਾਨਾ
ਅਲਜਾਇਰ ਤੋਂ ਪਿੰਯਾਂਗਯਾਂਗ ਤਕ
ਰਾਤ ਜਹੀ ਕਾਲੀ ਅਫਰੀਕਾ ਵਿਚ
ਸਭ ਪਰਚਮ ਹੀ ਸੀਸ ਝੁਕਾਈ
ਉਡਣਾ ਭੁਲ ਕੇ
ਸੋਗ ਦੀ ਇਕ ਤਸਵੀਰ ਬਣ ਗਏ ।



Academy of the Punjab in North America: http://www.apnaorg.com

# ਅੱਖ ਸਮੇਂ ਦੀ

ਲੱਖ ਕਰੋੜਾਂ ਬੰਦਿਆਂ ਦੀ
ਇਹ ਅੱਖ ਸੁਲੱਖਣੀ,
ਤਾਰ ਤਾਰ ਦੀ ਸੁਧ ਰਖਦੀ ਹੈ
ਪੁਰਜ਼ਾ ਪੁਰਜ਼ਾ ਰੋਜ਼ ਨਿਹਾਰੇ
ਇੰਚ ਇੰਚ ਨੂੰ ਨਜ਼ਰੀਂ ਰਖੇ ।

ਮਿੱਟੀ ਦੇ ਹਰ ਕਣ ਦੀ ਮਹਿਰਮ,
ਹਰ ਪੱਤੀ ਦਾ ਰੂਪ ਸਿਆਣੇ
ਰੰਗਾਂ ਦੇ ਚਿੱਕੜ ਵਿਚੋਂ ਵੀ
ਰੰਗ ਦਿਲਾਂ ਦਾ ਲੱਭ ਲੈਂਦੀ ਹੈ ।

ਸੋਚ ਦੀਆਂ ਲੱਖ ਉਲਝਣਾਂ ਵਿਚੋਂ
ਹੀਰਾ ਸਮਝ ਦਾ ਢੂੰਡ ਲਿਆਵੇ ।
ਲਹਿਰ ਲਹਿਰ ਦੀ ਬੇਚੈਨੀ ਦਾ
ਡੂੰਘਾ ਕਾਰਨ ਜੋ ਦਰਸਾਵੇ ।

ਲੱਖ ਕਰੋੜਾਂ ਨੂਰ ਮੀਲਾਂ ਤੋਂ,
ਜੰਮਦੇ ਤਾਰੇ ਤਕ ਲੈਂਦੀ ਹੈ,
ਦਿਲ ਦੀਆਂ ਡੂੰਘੀਆਂ ਤੈਹਾਂ ਅੰਦਰ,
ਸੋਚ ਦੀਆਂ ਲੱਖ ਸਿੱਪੀਆਂ ਵਿਚੋਂ,
ਮੋਤੀ ਸੱਚ ਦਾ ਕੱਢ ਲੈਂਦੀ ਹੈ ।



Academy of the Punjab in North America: http://www.apnaorg.com

ਲੱਖ ਕਰੋੜਾਂ ਬੰਦਿਆਂ ਦੀ,
ਇਹ ਅੱਖ ਸੁਲੱਖਣੀ,
ਸੋਨਾ, ਪਿੱਤਲ,
ਸੱਚ, ਕੱਚ,
ਕਹਿਣੀ, ਕਰਣੀ,
ਤੱਤ, ਹੂਪ,
ਮਿੱਤਰ, ਵੈਰੀ,
ਵੈਰੀ, ਮਿੱਤਰ
ਅੱਖ ਝਪਕੇ ਵਿਚ,
ਪਰਖ ਤੋਲ ਕੇ,
ਵਰਤਮਾਨ ਦਾ ਦਿਲ ਦਰਸਾਏ,
ਭੂਤ ਭਵਿੱਖ ਤੇ ਚਾਨਣ ਪਾਏ,
ਅੱਖ,
ਸਮੇਂ ਦੀ ਅੱਖ ਬਣ ਜਾਏ ।



Academy of the Punjab in North America: http://www.apnaorg.com

Academy of the Punjab in North America: http://www.apnaorg.com